# ਅੰਮ੍ਰਿਤ ਕੀਰਤਨ

ਅੰਕ 3 ਸਾਲ ਤੀਜਾ ਮਾਰਚ 1991

## ਅੰਦਰ ਦੀ ਝਾਤ


★ ਗੁਰਬਾਣੀ ਦਾ ਪ੍ਰਭਾਵ

-ਪ੍ਰਿੰਸੀਪਲ ਸਾਹਿਬ ਸਿੰਘ

★ ਗੁਰੂ ਨਾਨਕ ਅਨਮੋਲ ਬਚਨ

-ਪ੍ਰਿੰਸੀਪਲ ਹਰਿਭਜਨ ਸਿੰਘ

★ ਸੁਰ ਸਾਧਨ ਦੇ ਨਿਯਮ

-ਸੰਤ ਸਰਵਣ ਸਿੰਘ ਗੰਧਰਬ

★ ਕਾਦਰ ਦੀ ਕੀਰਤੀ-ਕੀਰਤਨ

-ਬਲਬੀਰ ਸਿੰਘ ਕੰਵਲ

★ ਆਸਾ ਦੀ ਵਾਰ ਦਾ ਲੜੀਵਾਰ ਵੀਚਾਰ

-ਸ੍ਰ. ਪ੍ਰੇਮ ਸਿੰਘ

ਸਾਡੇ ਰਾਗੀ ਜਥੇ, ਸ਼ਬਦ ਅਰਥ, ਸੰਗੀਤ-ਲਿਪੀ ਆਦਿ ।


ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ ਲਈ ਮਾਇਕ ਸਹਾਇਤਾ ਭੇਜਣ ਵਾਲੇ ਸੁਹਿਰਦ ਅਤੇ ਸੂਝਵਾਨ ਸੱਜਣ

(ਮਿਤੀ 21-1-91 ਤੋਂ 20-2-91 ਤਕ)

| | |
|---|---|
| — ਗੁਪਤਦਾਨ ਪੰਜਾਬੀ ਯੂਨੀਵਰਸਟੀ ਪਟਿਆਲਾ | 50/- |
| — ਸ੍ਰ. ਮਹਿੰਦਰ ਸਿੰਘ ਪੁਆਰ ਨਿਊ ਜਰਸੀ ਅਮਰੀਕਾ | 1000/- |
| — ਮਾਸਟਰ ਰਣ ਸਿੰਘ ਗਿੱਲ VPO ਭਦੌੜ ਜਿਲਾ ਸੰਗਰੂਰ | 50/- |
| — ਸ੍ਰ. ਸੇਵਾ ਸਿੰਘ ਜੱਸੂ ਬਗਰਾ ਕੋਟ ਜਲਮਾਈਗੁੜੀ | 50/- |
| — ਗੁਰਦੁਆਰਾ ਸਾਹਿਬ 235 ਇੰਨਜਿਨੀਅਰਿੰਗ ਰਜਮਟ C/o 56 APO | 50/- |
| — ਸ੍ਰ. ਮਲਿਕ ਸਿੰਘ ਚੰਡੋਕ ਚਾਬੀਗੰਜ ਕਸ਼ਮੀਰੀ ਗੇਟ ਦਿੱਲੀ | 25/- |
| — ਮਾਸਟਰ ਹੀਰਾ ਸਿੰਘ, VPO ਸੁਰ ਸਿੰਘ ਜਿਲਾ ਅੰਮ੍ਰਿਤਸਰ | 50/- |
| — ਸ੍ਰ. ਨਰਿੰਦਰਪਾਲ ਸਿੰਘ ਨਿਊਜ਼ੀਲੈਂਡ | 1000/- |
| — ਸ੍ਰ. ਚਰਨ ਸਿੰਘ ਸਿੰਧਰਾਂ 520 ਫੇਜ਼-6 ਮੁਹਾਲੀ | 100/- |
| — ਗੁਪਤਦਾਨ ਸੈਕਟਰ 47 ਚੰਡੀਗੜ੍ਹ | 200/- |
| — ਬੀਬੀ ਸੰਤੋਸ਼ ਜੀ ਜਵਾਹਰ ਪਾਰਕ ਸਹਾਰਨਪੁਰ | 50/- |
| — ਡਾ. ਹਰਨੇਕ ਸਿੰਘ ਕਲੇਰ ਅਮਰਪੁਰਾ ਅਮਰਗੜ੍ਹ ਜਿਲ੍ਹਾ ਸੰਗਰੂਰ | 50/- |
| — ਬ੍ਰਿਗੇਡੀਅਰ ਬੀ.ਐਸ. ਓਬਰਾਇ 120 ਸੈਕਟਰ 28 ਚੰਡੀਗੜ੍ਹ | 50/- |
| — ਸ੍ਰ. ਹਰਚਰਨ ਸਿੰਘ 574 ਸੈਕਟਰ 8 ਫਰੀਦਾਬਾਦ | 101/- |
| — ਭਾਈ ਕੁਲਵੰਤ ਸਿੰਘ ਚੰਦਨ ਦਿੱਲੀ | 100/- |
| — ਸ੍ਰ. ਅੱਛਰ ਸਿੰਘ ਜਵਾਹਰ ਨਗਰ ਖਾਰ (ਈਸਟ) ਬੰਬਈ | 250/- |
| — ਸ੍ਰ. ਜਤਿੰਦਰ ਪਾਲ ਸਿੰਘ VPO ਹਰਦੋਵਾਲ ਜਿਲਾ ਗੁਰਦਾਸਪੁਰ | 70/- |
| — ਸ੍ਰ. ਸਿੰਗਾਰਾ ਸਿੰਘ ETO 3222 ਸੈਕਟਰ 47 ਡੀ, ਚੰਡੀਗੜ੍ਹ | 101/- |
| — ਲਾਇਬਰੇਰੀ ਗੁਰਮਤ ਵਿਦਿਆਲਾ ਧਨਬਾਦ (ਬਿਹਾਰ) | 50/- |
| — ਡਾ. ਸੁਖਦੇਵ ਸਿੰਘ ਧਾਰੀਵਾਲ ਕਲੀਨਿਕ ਮੁਲਾਂਪੁਰ ਲੁਧਿਆਣਾ | 100/- |
| — ਸਕੱਤਰ ਜੀ. ਗੁਰਦੁਆਰਾ ਸਾਹਿਬ ਸ਼ਾਹਪੁਰ ਸੈਕਟਰ 38 ਚੰਡੀਗੜ੍ਹ | 50/- |
| — ਸ੍ਰ. ਸੋਹਨ ਸਿੰਘ SL-6 ਅਨੰਦ ਵਿਹਾਰ ਜੇਲ ਰੋਡ ਨਵੀਂ ਦਿੱਲੀ | 50/- |
| — ਸ੍ਰੀਮਤੀ ਸੁਲਤਾਨਾ ਅਵਤਾਰ ਸਿੰਘ HM 355 ਫੇਜ਼ 9 ਮੁਹਾਲੀ | 100/- |
| — ਸ੍ਰ. ਮੋਹਨ ਸਿੰਘ ਅਡਵਾਨੀ ਮੈਰੀਲੈਂਡ ਅਮਰੀਕਾ | 500/- |
| — ਪ੍ਰਿੰਸੀਪਲ ਸ. ਸ. ਮੋਤਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਜਨਕਪੁਰੀ ਨਵੀਂ ਦਿੱਲੀ | 50/- |
| — ਸ੍ਰ. ਪ੍ਰੀਤਰ ਮਹਿੰਦਰ ਸਿੰਘ 365-L ਮਾਡਲ ਟਾਊਨ ਲੁਧਿਆਣਾ | 50/- |
| — ਸ੍ਰ. ਰਾਜਿੰਦਰ ਪਾਲ ਸਿੰਘ ਕੋਠੀ 9 ਸੈਕਟਰ 27 ਚੰਡੀਗੜ੍ਹ | 101/- |
| — ਡਾ. ਸੰਤੋਖ ਸਿੰਘ ਅਰੇਰਾ ਕਲੋਨੀ ਭੁਪਾਲ (ਐਮ. ਪੀ.) | 51/- |



(ਬਾਕੀ ਸਫਾ 35 ਤੇ)

# ਅੰਮ੍ਰਿਤ ਕੀਰਤਨ

ਅੰਕ 3 ਸਾਲ ਤੀਜਾ ਮਾਰਚ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੰਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

**ਚੰਦੇ ਦਾ ਵੇਰਵਾ**

ਇੱਕ ਕਾਪੀ : 5 ਰੁਪਏ

**ਦੇਸ਼**

| | |
|---|---|
| ਸਲਾਨਾ | 50 ਰੁਪਏ |
| ਜੀਵਨ ਮੈਂਬਰ | 500 ਰੁਪਏ |

**ਵਿਦੇਸ਼**

| | |
|---|---|
| ਸਲਾਨਾ | 300 ਰੁਪਏ |
| ਜੀਵਨ ਮੈਂਬਰ | 3000 ਰੁਪਏ |

**ਵਿਸ਼ਾ** **ਪੰਨਾ**

1. ਤੁਹਾਡੇ ਪਤਰ 4
2. ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ
— ਡਾ. ਜਾਗੀਰ ਸਿੰਘ 5
3. ਗੁਰੂ ਨਾਨਕ ਅਨਮੋਲ ਵਚਨ
—ਪ੍ਰਿੰ. ਹਰਿਭਜਨ ਸਿੰਘ 10
4. ਆਸਾ ਦੀ ਵਾਰ : ਲੜੀਵਾਰ ਵੀਚਾਰ
— ਪ੍ਰੇਮ ਸਿੰਘ ਪ੍ਰੇਮ 11
5. ਸਾਡੇ ਰਾਗੀ ਜੱਥੇ
—ਜੀ ਐਸ ਰੰਧਾਵਾ 13
6. ਆਦਿ ਗ੍ਰੰਥ ਦਾ ਭਾਰਤੀ ਸੰਗੀਤ ਪ੍ਰਤੀ ਯੋਗਦਾਨ
—ਭਾਈ ਬਲਦੇਵ ਸਿੰਘ 15
7. ਕਾਦਰ ਦੀ ਕੀਰਤੀ-ਕੀਰਤਨ
—ਬਲਬੀਰ ਸਿੰਘ ਕੰਵਲ 21
8. ਸੁਰ ਸਾਧਣ ਦੇ ਨਿਯਮ
— ਸੰਤ ਸਰਵਣ ਸਿੰਘ 26
9. ਸ਼ਬਦ ਅਰਥ 30
10. ਰਾਗ ਧਨਾਸਰੀ ਸੁਰ-ਲਿਪੀ
— ਭਾਈ ਕੁਲਵੰਤ ਸਿੰਘ ਚੰਦਨ 31
11. ਗੁਰਬਾਣੀ ਦਾ ਪਰਭਾਵ
— ਪ੍ਰੋ. ਸਾਹਿਬ ਸਿੰਘ ਡੀ. ਲਿਟ. 15

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

❀ ਅੰਮ੍ਰਿਤ ਕੀਰਤਨ ਦੇ ਕੁਝ ਅੰਕ ਪੜ੍ਹਨ ਦਾ ਸੁਭਾਗ ਮਿਲਿਆ। ਬੜੀ ਕੁਸ਼ਲਤਾ ਨਾਲ ਸੰਪਾਦਿਤ ਕੀਤਾ ਜਾ ਰਿਹਾ ਹੈ। ਇਸ ਵਿਚ ਚਲਾਏ ਜਾ ਰਹੇ ਫੀਚਰ ਮਹੱਤਵਪੂਰਨ ਹਨ। ਪ੍ਰਸਿਧ ਰਾਗੀਆਂ ਅਤੇ ਉਹਨਾਂ ਦੀਆਂ ਕੀਰਤਨ ਸ਼ੈਲੀਆਂ ਬਾਰੇ ਜਾਣਕਾਰੀ ਬੜੀ ਰੋਚਕ ਅਤੇ ਗਿਆਨ ਵਰਦਕ ਰਹੇਗੀ। ਇਸ ਦੇ ਅਕਾਰ ਬਾਰੇ ਕੁਝ ਸੋਚਣ ਦੀ ਲੋੜ ਹੈ।

—ਡਾ. ਗੁਰਚਰਨ ਸਿੰਘ, 18-ਬੀ, ਮਾਡਲ ਟਾਊਨ ਪਟਿਆਲਾ

❀ ਮੈਂ ਅੰਮ੍ਰਿਤ ਕੀਰਤਨ ਮੈਗਜ਼ੀਨ ਹਰ ਮਹੀਨੇ ਪੜ੍ਹਦੀ ਹਾਂ। ਇਸ ਵਿਚ ਕੀਰਤਨ ਪਰਪਰਾ ਅਤੇ ਰਾਗੀਆਂ ਬਾਰੇ ਬੜੇ ਰੌਚਕ ਅਤੇ ਗਿਆਨ ਭਰਪੂਰ ਲੇਖ ਪੜ੍ਹਕੇ ਬਹੁਤ ਖੁਸ਼ੀ ਤੇ ਤਸੱਲੀ ਹੁੰਦੀ ਹੈ। ਮੇਰੀ ਕਾਮਨਾ ਹੈ ਕਿ ਇਹ ਪਰਚਾ ਹਰ ਘਰ ਵਿਚ ਪੁੱਜੇ ਅਤੇ ਸਾਰੇ ਇਸ ਨੂੰ ਪੜ੍ਹਕੇ ਕੀਰਤਨ ਬਾਰੇ ਆਪਣੀ ਸੂਝ ਵਧਾਉਣ।

ਮਿਸਜ਼ ਏ. ਬੇਅੰਤ ਕੌਰ ਚੰਡੀਗੜ੍ਹ

❀ ਦਸੰਬਰ 1990 ਅੰਕ ਵਿਚ 'ਏਹਿ ਭਿ ਦਾਤ ਤੇਰੀ ਦਾਤਾਰ' ਤੇ 'ਖਿਮਾ ਸੀਗਾਰ' ਲੇਖ ਬਹੁਤ ਮਨ ਨੂੰ ਭਾਏ। ਗੁਰ ਸਿਖ ਅਸੂਲਾਂ ਤੇ ਜੀਵਨ ਜਾਚ ਲਈ ਅਤਿ ਉੱਤਮ ਲੇਖ ਹਨ। ਅਜਿਹੇ ਲੇਖ ਹਰ ਮਹੀਨੇ ਅੰਮ੍ਰਿਤ ਕੀਰਤਨ ਵਿਚ ਜਰੂਰ ਦਿਆ ਕਰੋ। ਡਾ. ਗੁਰਨਾਮ ਸਿੰਘ ਦਾ ਲੇਖ 'ਗੁਰਮਤ ਸੰਗੀਤ ਦੀ ਮੌਲਿਕਤਾ' ਸਲਾਹੁਣ ਯੋਗ ਹੈ। ਵਾਕਫੀ ਭਰਪੂਰ ਇਸ ਲੇਖ ਨਾਲ ਪਾਠਕਾਂ ਨੂੰ ਗੁਰਮਤ ਸੰਗੀਤ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਬਲਬੀਰ ਸਿੰਘ 35, ਗੋਪਾਲ ਨਗਰ ਅੰਮ੍ਰਿਤਸਰ

❀ ਅੰਮ੍ਰਿਤ ਕੀਰਤਨ ਵਿਚ ਖਿੱਚ ਹੈ ਅਗਰ ਕੋਈ ਇਸ ਨੂੰ ਬਾਕਾਇਦਾ ਪੜ੍ਹੇ ਤੇ ਉਸਦੀ ਰੁਚੀ ਕੀਰਤਨ ਵਿਚ ਨਾ ਵੀ ਹੋਵੇ ਤਾਂ ਵੀ ਉਸ ਦਾ ਰੁਝਾਣ ਕੀਰਤਨ ਵਲ ਹੋ ਜਾਵੇਗਾ। ਕੀਰਤਨ ਨੂੰ ਸੁਣਨ ਲਈ ਵਲਵਲਾ ਜਾਗ ਪਵੇਗਾ।

ਕੀਰਤਨ ਪ੍ਰਧਾਨ ਹੈ - ਇਸ ਪੱਖ ਨੂੰ ਅੰਮ੍ਰਿਤ ਕੀਰਤਨ ਉਘੇੜਦਾ ਹੈ। ਪਰ ਕੀਰਤਨ ਕਿਸ ਤਰਾਂ ਧਿਆਨ ਨਾਲ ਕਰਨਾ ਹੈ, ਕਿਸ ਤਰਾਂ ਸੁਣਨਾ ਹੈ ਇਸ ਬਾਰੇ ਚੁਪ ਹੈ।

ਮਿਸਾਲ ਦੇ ਤੌਰ ਤੇ ਕੀਰਤਨ ਕਰਨ ਵਾਲੇ ਨੂੰ ਰਹਾਉ ਦੀ ਪੰਗਤੀ ਨੂੰ ਹੀ ਟੇਕ ਬਣਾਉਣਾ ਚਾਹੀਦਾ ਹੈ ਮਨ ਮਰਜ਼ੀ ਦੀ ਤੁਕ ਨੂੰ ਛਾਂਟ ਕੇ ਅਸਥਾਈ ਬਣਾਉਣਾ ਮਰਯਾਦਾ ਨੂੰ ਭੰਗ ਕਰਨ ਦਾ ਭਾਗੀ ਬਣਨਾ ਹੈ। ਅੰਮ੍ਰਿਤ ਕੀਰਤਨ ਦੇ ਆਕਾਰ ਨੂੰ ਧਿਆਨ ਵਿਚ ਰਖਦਿਆਂ ਇਸ ਵਿਚ ਕੇਵਲ ਪੰਜਾਬੀ ਦੇ ਲੇਖ ਹੀ ਪ੍ਰਕਾਸ਼ਤ ਕੀਤੇ ਜਾਣੇ ਚਾਹੀਦੇ ਹਨ। ਨਿਰੋਲ ਕੀਰਤਨ ਦਾ ਰਸਾਲਾ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

—ਇ: ਸੁਰਜੀਤ ਸਿੰਘ ਟਿਨਾ ਗੁਰੂ ਨਾਨਕ ਦੇਵ ਥਰਮਲ ਕਾਲੋਨੀ ਬਠਿੰਡਾ

—0—

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

— ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

## 5. ਵੈਸ਼ਨਵ ਕਾਵਿ ਅਤੇ ਭਗਤੀ ਕਾਵਿ

ਵੈਸ਼ਨਵ ਕਾਵਿ ਧਾਰਾ ਦਾ ਆਰੰਭ ਭਾਵੇਂ ਪੰਜਵੀਂ ਸਦੀ ਵਿਚ ਹੁੰਦਾ ਹੈ, ਪਰ ਇਹ ਗੁਰੂ ਕਾਵਿ-ਧਾਰਾ ਦੇ ਬੜੀ ਨੇੜੇ ਢੁਕਦੀ ਹੈ ਕਿਉਂਕਿ ਇਹੀ ਧਾਰਾ ਕੁਝ ਕੁ ਰੁਪਾਂਤਰ ਨਾਲ ਭਗਤੀ ਕਾਵਿ ਧਾਰਾ ਬਣ ਜਾਂਦੀ ਹੈ, ਜਿਸ ਦਾ ਸਿਖਰ ਸਿੱਖ ਗੁਰੂ ਕਾਵਿ ਧਾਰਾ ਨੂੰ ਮੰਨਿਆ ਜਾ ਸਕਦਾ ਹੈ।

ਮੁੱਢ ਵਿਚ ਵੈਸ਼ਨਵ ਧਰਮ ਸਾਧਨਾ ਦਾ ਨਾਉਂ ਏਕਾਂਤਰ ਧਰਮ ਸੀ ਪਰ ਬਾਅਦ ਵਿੱਚ ਇਸ ਨੂੰ ਨਾਰਾਯਣੀਯ, ਪ੍ਰਾਂਚਰਾਤ੍ਰ, ਵਾਸਦੇਵ, ਵੈਸ਼ਨਵ, ਸਾਤਵਤ, ਭਾਗਵਤ, ਭਗਤੀ ਮਾਰਗ ਆਦਿ ਨਾਉਂ ਵੀ ਦਿੱਤੇ ਗਏ। ਅੱਗੇ ਜਾ ਕੇ ਭਾਗਵਤ ਅਤੇ ਵੈਸ਼ਨਵ ਦੇ ਨਾਉਂ ਹੀ ਸਭ ਤੋਂ ਵੱਧ ਪ੍ਰਚਲਤ ਹੋਵੇ।[1]

ਵੈਸ਼ਨਵ ਸਾਹਿਤ ਵਿੱਚ ਪੌਰਾਣਿਕ ਕਥਾਵਾਂ, ਮੂਰਤੀ ਪੂਜਾ, ਕਰਮਕਾਂਡ ਅਤੇ ਯਗ ਵਿਧਾਨ ਦੀ ਪ੍ਰੋੜਤਾ ਕੀਤੀ ਗਈ ਹੈ। ਇਸ ਵਿਚ ਬ੍ਰਹਮ ਨੂੰ ਅਵਤਾਰਾਂ ਦੇ ਰੂਪ ਵਿੱਚ ਕਲਪ ਕੇ ਉਸ ਦੀ ਪ੍ਰੇਮਾ ਭਗਤੀ ਕੀਤੀ ਗਈ ਹੈ।

ਵੈਸ਼ਨਵ ਕਾਵਿ ਵਿੱਚ ਸਪਤ ਪਦੀਆਂ ਅਤੇ ਅਸ਼ਟ ਪਦੀਆਂ ਆਦਿ ਗਾਏ ਜਾਣ ਵਾਲੇ ਕਾਵਿ ਰੂਪਾਂ ਦੀ ਹੀ ਬਹੁਤੀ ਰਚਨਾ ਕੀਤੀ ਗਈ ਹੈ।[2] ਵੈਸ਼ਨਵ ਕਾਵਿ ਧਾਰਾ ਵਿੱਚ ਜੈ ਦੇਵ ਦਾ 'ਗੀਤ ਗੋਬਿੰਦ' ਇੱਕ ਮਹੱਤਵ ਪੂਰਨ ਰਚਨਾ ਹੈ। ਇਹ ਗ੍ਰੰਥ ਰਾਧਾ ਕ੍ਰਿਸ਼ਣ ਭਗਤੀ ਨਾਲ ਸੰਬੰਧਤ ਗੀਤਾਂ ਦਾ ਸੰਗ੍ਰਹਿ ਹੈ। ਇਸ ਗ੍ਰੰਥ ਵਿੱਚ ਅਸ਼ਟ ਪਦੀ ਕਾਵਿ ਰੂਪ ਬਹੁਤਾ ਪ੍ਰਯੋਗ ਕੀਤਾ ਗਿਆ ਹੈ।[3]

ਭਗਤੀ ਕਾਵਿ ਧਾਰਾ : ਜਿਵੇਂ ਕਿ ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਵੈਸ਼ਨਵ ਭਗਤੀ ਧਾਰਾ ਨੇ ਹੀ ਭਗਤੀ ਲਹਿਰ ਦਾ ਰੂਪ ਧਾਰਿਆ ਸੀ। ਇਸ ਲਹਿਰ ਨੂੰ ਨਿਖੜਵੇਂ ਰੂਪ ਵਿੱਚ ਪ੍ਰਚਲਤ ਕਰਨ ਦਾ ਸਿਹਰਾ ਰਾਮਾਨੰਦ (1366-1467 ਈ:)

---

1. R. G. Bhandarkar, Vaisnavism, Savism and other minor Religion systems Page 142
2. Parjananand, Historical Developme of Indian music, Page 259-262.
3. ਸੁਭਦਰਾ 'ਚੌਧਰੀ' ਪ੍ਰਬੰਧ ਕੇ ਇਤਿਹਾਸ ਮੇਂ 'ਗੀਤ ਗੋਵਿੰਦ' ਕਾ ਸਥਾਨ, 'ਸੰਗੀਤ' (ਜਨਵਰੀ 1970) ਪੰਨਾ 38.

ਦੇ ਸਿਰ ਹੈ। ਰਾਮਾਨੰਦ ਦੱਖਣ ਦੇ ਪ੍ਰਸਿੱਧ ਵੈਸ਼ਨਵ ਸੰਤ ਰਾਮਾਨੁਜ ਦੀ ਸੰਪਰਦਾ ਨਾਲ ਸੰਬੰਧਤ ਸੀ। ਇਹ ਆਪ ਵੀ ਪਹਿਲਾਂ ਵੈਸ਼ਨਵ ਸੀ ਪਰ ਬਾਅਦ ਵਿਚ ਨਿਰਗੁਣ ਵਾਦੀ ਹੋ ਗਿਆ ਸੀ। ਰਾਮਾਨੰਦ ਦੇ ਕਈ ਚੇਲੇ ਹੋਏ ਹਨ : ਅਨੰਤਾਨੰਦ, ਸੁਰਸੁ ਨੰਦ, ਸੁਖਾ ਨੰਦ, ਨਰ ਹਰਿਆ ਨੰਦ, ਯੋਗਾ ਨੰਦ, ਭਾਵ ਨੰਦ, ਗਾਲਵਾ ਨੰਦ, ਧਨੇਸ਼ਵਰ, ਰਾਮਦਾਸ, ਪੀਪਾ ਜੀ, ਸੈਣ, ਕਬੀਰ, ਰਵਿਦਾਸ ਆਦਿ।[1] ਇਹਨਾਂ ਵਿਚੋਂ ਬਹੁਤ ਪ੍ਰਸਿੱਧ ਭਗਤ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਹਨ ਅਤੇ ਇਹ ਹੀ ਭਗਤੀ ਕਾਵਿ ਧਾਰਾ ਦੇ ਮੋਢੀ ਗਿਣੇ ਜਾ ਸਕਦੇ ਹਨ।

ਭਗਤ ਕਬੀਰ ਅਤੇ ਭਗਤ ਰਵਿਦਾਸ ਤੋਂ ਪਹਿਲਾਂ ਨਾਮਦੇਵ ਜੀ ਵੀ ਭਗਤੀ ਕਾਵਿ ਧਾਰਾ ਦੀ ਵਿਚਾਰ ਧਾਰਾ ਅਨੁਸਾਰ ਕਾਵਿ ਰਚਨਾ ਕਰ ਚੁੱਕੇ ਸਨ। ਫਿਰ ਵੀ ਕੋਈ ਵਿਦਵਾਨਾਂ ਨੇ ਭਗਤ ਕਬੀਰ ਨੂੰ ਹੀ ਆਦਿ ਸੰਤ ਕਿਹਾ ਹੈ।[2] ਇਸ ਦਾ ਮੁੱਖ ਕਾਰਨ ਇਹ ਹੀ ਹੈ ਕਿ ਉੱਤਰ ਭਾਰਤ ਦੇ ਪ੍ਰਮੁੱਖ ਸੰਤ ਕਵੀ ਭਗਤ ਕਬੀਰ ਹੀ ਹਨ ਜੇਦੋਂ ਕਿ ਨਾਮ ਦੇਵ ਜੀ ਦੱਖਣ ਦੇ ਅਤੇ ਕਬੀਰ ਜੀ ਤੋਂ ਪਹਿਲਾਂ ਹੋਏ ਜੈ ਦੇਵ ਬੰਗਾਲ ਦੇ ਰਹਿਣ ਵਾਲੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਭਗਤ ਬਾਣੀ ਦੇ ਸੰਕਲਨ ਵਿੱਚ ਵੀ ਭਗਤ ਕਬੀਰ ਨੂੰ ਹੀ ਪਹਿਲ ਦਿੱਤੀ ਗਈ।

ਭਗਤੀ ਲਹਿਰ ਦੇ ਭਗਤਾਂ ਵਿਚੋਂ ਕਬੀਰ, ਰਵਿਦਾਸ, ਪੀਪਾ ਧੰਨਾ, ਭੀਖਨ, ਪਰਮਾਨੰਦ, ਸੂਰਦਾਸ ਆਦਿ ਨੇ ਕਾਵਿ ਰਚਨਾ ਕੀਤੀ ਹੈ। ਕਬੀਰ ਜੀ ਤੋਂ ਪਹਿਲਾਂ ਜੈ ਦੇਵ, ਤ੍ਰਿਲੋਚਨ, ਨਾਮ ਦੇਵ, ਸਧਨਾ, ਬੇਣੀ, ਰਾਮਾਨੰਦ ਆਦਿ ਦੀ ਕਾਵਿ ਰਚਨਾ ਦੀਆਂ ਵੰਨਗੀਆਂ ਵੀ ਉਪਲਬਦ ਹਨ। ਇਸ ਕਾਵਿ ਧਾਰਾ ਦੇ ਕੁਝ ਖਾਸ ਲੱਛਣ ਇਸ ਪ੍ਰਕਾਰ ਹਨ।

ਲੋਕ ਬੋਲੀ : ਇਹਨਾਂ ਭਗਤ ਕਵੀਆਂ ਨੇ ਆਪਣਾਂ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਉਣਾ ਸੀ। ਇਸ ਲਈ ਇਹਨਾਂ ਨੇ ਉਸ ਵੇਲੇ ਦੀ ਪ੍ਰਚਲਤ ਲੋਕ ਬੋਲੀ ਨੂੰ ਅਪਣਾਇਆਂ। ਇਹਨਾਂ ਨੇ ਹਿੰਦੂ ਪਰੋਹਤ ਵਰਗ ਦੀ ਸਨਮਾਨਿਤ ਭਾਸ਼ਾ ਸੰਸਕ੍ਰਿਤ ਅਤੇ ਰਾਜ ਭਾਸ਼ਾ ਫ਼ਾਰਸੀ ਨੂੰ ਪ੍ਰਯੋਗ ਕਰਨ ਤੋਂ ਸੰਕੋਚ ਕੀਤਾ। ਭਗਤ ਕਵੀਆਂ ਦੀ ਭਾਸ਼ਾ ਕੇਵਲ ਖੇਤਰੀ ਹੀ ਨਹੀਂ ਸੀ ਸਗੋਂ ਉਸ ਸਮੇਂ ਲੱਗ-ਭਗ ਸਾਰੇ ਭਾਰਤ ਵਿੱਚ ਸਮਝੀ ਜਾਣ ਵਾਲੀ ਭਾਸ਼ਾ ਸੀ। ਸਾਧਾਂ ਸੰਤਾਂ ਰਾਹੀਂ ਪ੍ਰਚਲਿਤ ਹੋਣ ਕਰਕੇ ਇਸ ਨੂੰ 'ਸਾਧ ਭਾਸ਼ਾ' ਵੀ ਕਿਹਾ ਜਾਂਦਾ ਹੈ। ਮਹਾਂ ਰਾਸ਼ਟਰ ਦੇ ਨਾਮ ਦੇਵ, ਬੰਗਾਲ ਦੇ ਜੈ ਦੇਵ, ਯੂ. ਪੀ. ਦੇ ਕਬੀਰ ਅਤੇ ਪੰਜਾਬ ਦੇ ਗੁਰੂ ਕਵੀਆਂ ਦੀ ਭਾਸ਼ਾ ਵਿੱਚ ਇੱਕ ਖ਼ਾਸ ਕਿਸਮ ਦੀ ਸਮਾਨਤਾ ਹੈ।

---

1. ਪ੍ਰਕਾਸ਼ ਸਿੰਘ (ਪ੍ਰੋ.) "ਭਗਤੀ ਲਹਿਰ, ਰਵਿਦਾਸ ਤੇ ਉਨ੍ਹਾਂ ਦੀ ਬਾਣੀ" ਪੰਜਾਬੀ ਦੁਨੀਆਂ, ਜੁਲਾਈ-ਅਗਸਤ 1971
2. ਪਰਸ਼ੂ ਰਾਮ ਚਤੁਰਵੇਦੀ (ਆਰੀਆ), ਉਤਰ ਭਾਰਤ ਕੀ ਸੰਤ ਪਰੰਪਰਾ, ਪੰਨਾ 10

ਲੋਕ ਕਾਵਿ ਰੂਪ : ਇਹ ਭਗਤ ਕਵੀ ਚਿੰਤਕ ਪਹਿਲਾਂ ਸਨ ਅਤੇ ਕਵੀ ਬਾਅਦ ਵਿੱਚ। ਇਹਨਾਂ ਦਾ ਮੁੱਖ ਤਾਤਪਰਜ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣਾ ਸੀ। ਇਸ ਲਈ ਉਹਨਾਂ ਨੂੰ ਜਿਹੜਾ ਵੀ ਕਾਵਿ ਰੂਪ ਆਪਣੇ ਵਿਚਾਰ ਪ੍ਰਗਟ ਕਰਨ ਕਰਨ ਵਿੱਚ ਸਹਾਇਕ ਜਾਪਿਆ, ਉਹਨਾਂ ਉਸ ਵਿਚ ਹੀ ਕਾਵਿ ਰਚਨਾ ਕਰ ਦਿੱਤੀ। ਮੁੱਖ ਰੂਪ ਵਿੱਚ ਇਹਨਾਂ ਨੇ ਨਾਥਾਂ ਜੋਗੀਆਂ ਵਾਂਗ ਲੋਕ-ਕਾਵਿ ਰੂਪ ਹੀ ਅਪਣਾਏ ਹਨ। ਬਹੁਤੇ ਕਵੀਆਂ ਨੇ ਪਦਿਆਂ ਦਾ ਪ੍ਰਯੋਗ ਕੀਤਾ ਹੈ। ਭਗਤ ਕਬੀਰ ਨੇ ਪਦਿਆਂ ਦੇ ਨਾਲ ਨਾਲ ਬਾਵਨ ਅਖਰੀ[1], ਥਿਤੀ[2], ਸਤਵਾਰ ਆਦਿ ਕਾਵਿ ਰੂਪਾਂ ਦਾ ਪ੍ਰਯੋਗ ਵੀ ਕੀਤਾ। ਭਗਤ ਕਬੀਰ ਜੀ ਨੇ ਸਲੋਕ[3] ਕਾਵਿ ਰੂਪ ਦਾ ਵੀ ਪ੍ਰਯੋਗ ਕੀਤਾ ਹੈ। ਇਸ ਸਲੋਕ ਕਾਵਿ ਰੂਪ ਦਾ ਮੁੱਖ ਛੰਦ ਦੋਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਵੀਆਂ ਰਾਹੀਂ ਰਚੇ 'ਆਰਤੀ' ਦੇ ਕੁਝ ਪਦੇ ਵੀ ਦਰਜ ਕੀਤੇ ਗਏ ਹਨ। ਭਾਵੇਂ ਇਹਨਾਂ ਉੱਪਰ 'ਆਰਤੀ' ਦਾ ਵਿਸ਼ੇਸ਼ ਜ਼ਿਕਰ ਉਲੇਖ ਨਹੀਂ ਪਰ ਫੇਰ ਵੀ ਵਿਸ਼ੇ ਵਸਤੂ ਦੇ ਪੱਖੋਂ ਇਹ 'ਆਰਤੀ' ਹੀ ਕਹੇ ਜਾਂਦੇ ਹਨ। ਆਦਿ ਗ੍ਰੰਥ ਵਿੱਚ ਭਗਤ ਕਬੀਰ[4], ਰਵਿਦਾਸ, ਸੈਣ ਅਤੇ ਭਗਤ ਧੰਨਾ[5] ਜੀ ਦੇ ਅਜਿਹੇ ਪਦੇ ਉਪਲਬਧ ਹਨ। ਆਰਤੀ ਕਾਵਿ ਰੂਪ ਦਾ ਪ੍ਰਯੋਗ ਨਾਥ ਬਾਣੀ ਵਿਚ ਵੀ ਹੋਇਆ ਹੈ।[6] ਇਸ ਤਰ੍ਹਾਂ ਭਗਤੀ ਕਾਵਿ ਧਾਰਾ ਵਿੱਚ ਬਹੁਤੇ ਕਾਵਿ ਰੂਪ ਲੋਕ ਕਾਵਿ ਅਤੇ ਨਾਥ ਬਾਣੀ ਵਾਲੇ ਹੀ ਪ੍ਰਯੋਗ ਕੀਤੇ ਗਏ ਹਨ।

ਲੋਕ ਕਾਵਿ : ਲੋਕ ਕਾਵਿ ਦਾ ਜਨਮ ਭਾਸ਼ਾ ਦੇ ਜਨਮ ਦੇ ਨਾਲ ਹੀ ਹੋਇਆ ਹੈ। ਇਸ ਕਾਵਿ ਵਿਚ ਮਨੁੱਖ ਨੇ ਆਪਣੇ ਹਰਖ ਅਤੇ ਸੋਗ ਪ੍ਰਗਟਾਵਾ ਸਮੂਹਿਕ ਰੂਪ ਵਿਚ ਕੀਤਾ ਹੈ। ਲੋਕ ਕਾਵਿ ਵਿੱਚ ਸਾਂਸਕ੍ਰਿਤਕ ਤੱਤ ਤੇ ਪਰੰਪਰਾਗਤ ਰੂੜ੍ਹੀਆਂ ਬਹੁਤੀ ਮਾਤਰਾ ਵਿੱਚ ਹੁੰਦੀਆਂ ਹਨ। ਲੋਕ ਕਾਵਿ ਦੀ ਰਚਨਾ ਭਾਵੇਂ ਅਨੁਭਵੀ ਵਿਅਕਤੀ ਕਰਦੇ ਹਨ; ਪਰ ਇਕ ਤਾਂ ਉਹ ਆਪਣੇ 'ਆਪੇ' ਜਾਂ 'ਨਿਜਤਵ' ਨੂੰ ਲੋਕ ਮਨ ਨਾਲ ਇਕ ਸੁਰ ਕਰਕੇ 'ਪਰ' (ਲੋਕ) ਰੂਪ ਵਿੱਚ ਉਜਾਗਰ ਹੁੰਦੇ ਹਨ ਅਤੇ ਦੂਜੇ ਉਸ ਰਚਨਾ ਵਿੱਚ ਉਹਨਾਂ ਕਾਵਿ ਰੂੜ੍ਹੀਆਂ ਰੂਪਾਂ ਤੇ ਵਿਧੀਆਂ ਦਾ ਪ੍ਰਯੋਗ ਕਰਦੇ ਹਨ, ਜੋ ਲੋਕ ਕਾਵਿ ਦਾ ਸੰਸਕਾਰ ਬਣ ਚੁੱਕੀਆਂ ਹੁੰਦੀਆਂ ਹਨ, ਤੀਜੇ ਜਾਤੀ ਇਸ ਰਚਨਾ ਵਿੱਚ ਮਨ ਇੱਛਤ ਵਾਧੇ ਘਾਟੇ ਕਰ ਕੇ ਇਸ ਨੂੰ ਸਾਂਝੇ ਵਿਰਸੇ ਦੇ ਤੌਰ ਤੇ ਗ੍ਰਹਿਣ ਕਰਦੀ ਹੈ ਅਤੇ ਇਹ ਰਚਨਾ ਪੀੜ੍ਹੀਓ ਪੀੜ੍ਹੀ ਮੌਖਿਕ ਰੂਪ ਵਿੱਚ ਅੱਗੇ ਤੁਰਦੀ ਜਾਂਦੀ ਹੈ।[7]

ਵੇਦਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਉਸ ਵੇਲੇ ਵੀ ਲੋਕ ਗੀਤ ਵੱਖਰੇ ਰੂਪ ਵਿੱਚ ਪ੍ਰਚਲਤ ਸਨ। ਵੈਦਿਕ ਯੁਗ ਵਿੱਚ ਪੁੱਤਰ-ਜਨਮ, ਯਗ ਅਤੇ ਵਿਆਹ

---

1 ਆਦਿ ਗ੍ਰੰਥ, ਪੰਨਾ 340, 2. ਉਹੀ, ਪੰਨਾ 343
3. ਉਹੀ, ਪੰਨਾ 1364, 4. ਉਹੀ, 1350 5. ਆਦਿ ਗ੍ਰੰਥ, ਪੰਨਾ 676-77 6. ਗੋਰਖ ਬਾਣੀ, ਪੰਨਾ 157-158
7. ਵਣਜਾਰਾ ਬੇਦੀ, ਕਾਵਿ ਤੇ ਲੋਕ ਕਾਵਿ, ਪੰਨਾ 63

ਆਦਿ ਦੇ ਸਮਾਗਮਾਂ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਗਾਥਾ ਕਿਹਾ ਜਾਂਦਾ ਸੀ। ਰਿਗ ਵੇਦ ਵਿਚ ਵਿਆਹ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਰੌਮੀ, ਨਾਮਸੰਸੀ ਆਦਿ ਨਾਵਾਂ ਨਾਲ ਪ੍ਰਸਿੱਧ ਸਨ। ਮਹਾਂ ਭਾਰਤ ਵਿਚ ਦੁਸ਼ਯੰਤ ਦੇ ਪੁੱਤਰ ਭਰਤ ਦੇ ਸੰਬੰਧ ਵਿੱਚ ਅਨੇਕ ਗਾਥਾਵਾਂ ਪ੍ਰਚਲਤ ਸਨ।[1]

ਸੰਸਕ੍ਰਿਤ ਸਾਹਿਤ ਵਿੱਚ ਅਨੇਕ ਕਵੀਆਂ ਦੇ ਲੋਕ ਗੀਤ ਗਾਏ ਜਾਣ ਦਾ ਵਰਣਨ ਕੀਤਾ ਗਿਆ ਹੈ। ਇਹਨਾਂ ਲੋਕ ਗੀਤਾਂ ਵਿੱਚ ਪੁੱਤਰ ਜਨਮ, ਵਿਆਹ, ਯਗ ਆਦਿ ਤੋਂ ਬਿਨ੍ਹਾਂ ਚੱਕੀ ਪਹਿਣ, ਧਾਨ ਕੁੱਟਣ ਆਦਿ ਦੇ ਵਿਸ਼ਿਆਂ ਦਾ ਵਰਨਣ ਵੀ ਕੀਤਾ ਗਿਆ। ਉੱਤਰੀ ਭਾਰਤ ਵਿੱਚ ਪ੍ਰਚਲਤ ਲੋਕ ਕਾਵਿ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਸੰਸਾਰਕ ਲੋਕ ਕਾਵਿ 2. ਧਾਰਮਕ ਲੋਕ ਕਾਵਿ, 3. ਮਨੋਰੰਜਕ ਲੋਕ ਕਵੀ

**ਸੰਸਾਕ੍ਰਿਤੀ ਲੋਕ ਕਾਵਿ :** ਇਹ ਕਾਵਿ ਪਰੰਪਰਾ ਬੜੀ ਵਿਸ਼ਾਲ ਹੈ ਅਤੇ ਸਾਰਥਕ ਹੈ। ਇਸ ਵਿੱਚ ਸਾਡੇ ਸਮਾਜਕ ਤੇ ਸਾਂਸਕ੍ਰਿਤਕ ਜੀਵਨ ਦੇ ਅਨੇਕ ਤੱਤ ਤੇ ਰੂੜ੍ਹੀਆਂ ਸਜੀਵ ਹਨ। ਇਹ ਗੀਤ ਕਿਸੇ ਨਾ ਕਿਸੇ ਸੰਸਕਾਰ ਨਾਲ ਬੱਝੇ ਹੋਏ ਹਨ : ਜਿਵੇਂ ਵਿਆਹ ਵੇਲੇ ਲਾੜੇ ਦੇ ਘੋੜੀ ਚੜ੍ਹਨ ਸਮੇਂ ਘੋੜੀਆਂ, ਵਿਆਹ ਸਮੇਂ ਲਾੜੀ ਦੇ ਦੇ ਘਰ ਵਿਚ ਸੁਹਾਗ, ਫੇਰਿਆਂ ਸਮੇਂ ਲਾਵਾਂ ਗਾਈਆਂ ਜਾਂਦੀਆਂ ਹਨ। ਮੌਤ ਸਮੇਂ ਅਲਾਹੁਣੀਆਂ, ਕੀਰਨੇ, ਵੈਣ ਆਦਿ ਪਾਏ ਜਾਂਦੇ ਹਨ। ਇਸੇ ਤਰ੍ਹਾਂ ਮੰਗਲ ਅਤੇ ਸੋਹਲੇ ਵੀ ਖੁਸ਼ੀ ਖੁਸ਼ੀ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤ ਹਨ।

**ਧਾਰਮਕ ਲੋਕ ਗੀਤ :** ਧਾਰਮਕ ਲੋਕ ਗੀਤਾਂ ਵਿੱਚ ਪਰਮਾਤਮਾ ਅਤੇ ਦੇਵੀ ਦੇਵਤਿਆਂ ਅੱਗੇ ਪ੍ਰਾਰਥਨਾ ਸਮੇਂ ਗਾਏ ਜਾਣ ਵਾਲੇ ਗੀਤ ਆਉਂਦੇ ਹਨ। ਇਹਨਾਂ ਵਿੱਚ ਪੂਜਾ, ਆਰਤੀ, ਉਸਤਤੀ ਆਦਿ ਕਈ ਤਰ੍ਹਾਂ ਗੀਆਂ ਪ੍ਰਾਰਥਨਾਵਾਂ ਸ਼ਾਮਿਲ ਹਨ।

**ਮਨੋਰੰਜਕ ਗੀਤ :** ਇਸ ਵੰਨਗੀ ਦੇ ਗੀਤਾਂ ਵਿਚ ਲੋਕਾਂ ਦੇ ਮਨੋਭਾਵਾਂ ਤੇ ਸੰਵੇਦਨਾ ਨੂੰ ਬੜੀ ਸੁਹਿਰਦਤਾ ਨਾਲ ਵਿਅਕਤ ਕੀਤਾ ਗਿਆ ਹੁੰਦਾ ਹੈ। ਇਸ ਵਿਚ ਢੋਲਾ, ਮਾਹੀਆ, ਬੋਲੀਆਂ, ਜਿੰਦੂਆਂ, ਬਿਰਹੜੇ, ਹੂਕਾਂ, ਕਰਹਲੇ, ਮਾਝਾਂ, ਮਿਠੜੇ ਆਦਿ ਕਾਵਿ ਰੂਪ ਪ੍ਰਚਲਤ ਹਨ।

**ਸ਼ੈਲੀ :** ਲੋਕ ਗੀਤਾਂ ਦੀ ਸ਼ੈਲੀ ਸਰਲ ਤੇ ਸਪਸ਼ਟ ਹੁੰਦੀ ਹੈ। ਇਹਨਾਂ ਵਿਚ ਭਾਵਾਂ ਨੂੰ ਖੋਲ੍ਹ ਕੇ ਬਿਆਨਿਆ ਜਾਂਦਾ ਹੈ। ਸੰਕੇਤਕ ਜਾਂ ਸੁਝਾਊ ਰੂਪ ਵਿੱਚ ਲੁਕਵੇਂ ਢੰਗ ਨਾਲ ਪੇਸ਼ ਨਹੀਂ ਕੀਤਾ ਜਾਂਦਾ। ਪਿਆਰ ਤੇ ਵਿਆਹ ਆਦਿ ਦੇ ਵਿਸ਼ਿਆਂ ਵਾਲੇ ਗੀਤਾਂ ਦੀ ਸ਼ੈਲੀ ਵਰਣਾਤਮਕ ਹੁੰਦੀ ਹੈ ਅਤੇ ਇਕ ਜਾਂ ਦੋ ਦੁਹਰਾਓ ਵੀ ਕੀਤਾ

---

1. ਸ਼ਿਵ ਸ਼ੇਖਰ ਮਿਸਰ (ਡਾ.) ਭਾਰਤੀਯ ਸੰਸਕ੍ਰਿਤੀ ਮੇਂ ਲੋਕ ਗੀਤੋਂ ਕੀ ਅਭਿਵਿਅਕਤੀ, ਸਮੇਲਨ ਪੱਤ੍ਰਕਾ, (ਲੋਕ ਸੰਸਕ੍ਰਿਤੀ ਅੰਕ) ਪੰਨਾ 134.

ਜਾਂਦਾ ਹੈ । ਇਤਿਹਾਸਕ ਜਾਂ ਮਿਥਿਹਾਸਕ ਗੀਤਾਂ ਵਿਚ ਗੱਲ ਵੀ ਪ੍ਰਯੋਗ ਹੁੰਦਾ ਹੈ। ਇਸ ਲੋਕ ਸ਼ੈਲੀ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਵਿੱਚ ਸਧਾਰਨੀਕਰਣ ਦਾ ਗੁਣ ਵਧੇਰੇ ਹੁੰਦਾ ਹੈ, ਜਿਸ ਕਰਕੇ ਇਸ ਵਿੱਚ ਲੋਕਾਂ ਨੂੰ ਟੁੰਬਣ ਦੀ ਵਧੇਰੇ ਸ਼ਕਤੀ ਹੁੰਦੀ ਹੈ । ਇਸ ਵਿਚ ਢੋਲਾ, ਜਿੰਦੂਆਂ, ਮਾਹੀਆ ਆਦਿ ਸੰਬੋਧਨਾਂ ਨਾਲ ਲੋਕਾਂ ਦੀ ਚੇਤਨਾ ਨੂੰ ਆਪਣੇ ਵੱਲ ਖਿੱਚ ਲਿਆ ਜਾਂਦਾ ਹੈ, ਜਿਸ ਕਰਕੇ ਸਾਰੇ ਦਾ ਸਾਰਾ ਲੋਕ ਗੀਤ ਇਕਾਗਰ ਚਿੱਤ ਹੋ ਕੇ ਮਾਣਿਆ ਜਾ ਸਕਦਾ ਹੈ ।

ਲੋਕ ਗੀਤਾਂ ਦੀ ਸ਼ੈਲੀ ਵਿੱਚ ਸ਼ਬਦ ਸੁਰ ਅਤੇ ਤਾਲ ਦਾ ਖਾਸ ਸਥਾਨ ਹੈ। ਲੋਕ ਗੀਤਾਂ ਦਾ ਸਹੀ ਮੁੱਲ ਇਹਨਾਂ ਨੂੰ ਗਾ ਕੇ ਹੀ ਪਾਇਆ ਜਾ ਸਕਦਾ ਹੈ। ਹਰ ਗੀਤ ਕਿਸੇ ਨਾ ਕਿਸੇ ਧੁਨ ਵਿਚ ਗਾਇਆ ਜਾਂਦਾ ਹੈ ਸਮੂਹਿਕ ਰੂਪ ਵਿੱਚ ਗਾਏ ਜਾਣ ਵਾਲੇ ਗੀਤਾਂ ਵਿੱਚ ਸ਼ਬਦ ਅਤੇ ਤਾਲ ਦਾ ਬਹੁਤਾ ਧਿਆਨ ਰੱਖਿਆ ਜਾਂਦਾ ਹੈ।

# ਗੁਰੂ ਨਾਨਕ ਅਨਮੋਲ ਵਚਨ

—ਪ੍ਰਿਸੀਪਲ ਹਰਭਜਨ ਸਿੰਘ

8—੨ ਆਖਹਿ ਮੰਗਹਿ ਦੇਹਿ ਦੇਹਿ ਦਾਤ ਕਰੇ ਦਾਤਾਰ ॥
आखहि मंगहि देहि देहि दाति करे दातारु ॥

People pray and beg for alms; and God, the Bestower bestows His gifts.

9—੧ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ
ਨਾਨਕ ਹੋਸੀ ਭੀ ਸਚੁ ॥
आदि सचु जुगादि सचु है भी सचु
नानक होसी भी सचु ॥

God was true in the prime, true in the beginning of ages, true even now, and true He verily shall be, O nanak.

10—(੪) ਆਪੇ ਬੀਜਿ ਆਪੇ ਹੀ ਖਾਹੁ ॥
आपे बीजि आपे ही खाहु ॥

As you sow, so shall you reap.

11—(੬) ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ
ਜੁਗੁ ਜੁਗੁ ਏਕੋ ਵੇਸੁ ॥
आदेसु तिसै आदेसु ॥ आदि अनीलु अनादि अनाहति
जुगु जुगु एको वेसु ॥

Obeisance, my obiesance unto that Lord who is primal pure, sans beginning, indestructible and of the same one vesture, all the ages through.

12—(੨੪) ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ
ਨਿਤ ਦੇਹਿ ਪਾਣੀ ॥
अमलु करि धरती बीजु सबदो करि सच की आब
नित देहि पाणी ॥

Make pious deeds thy farm, Guru's hyman thy seed and irrigate ever with the water of truth.

Gems of Thought ਪੁਸਤਕ ਵਿੱਚੋਂ

# ਆਸਾ ਦੀ ਵਾਰ ਦਾ ਲੜੀ ਵਾਰ ਵਿਚਾਰ

— ਪ੍ਰੇਮ ਸਿੰਘ 'ਪ੍ਰੇਮ'

(ਪਿਛਲੇ ਅੰਕ ਤੋਂ ਅੱਗੇ)

ਮਹਲਾ ੨ ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥
ਇਕਨਾ ਹੁਕਮਿ ਸਮਾਇ ਲਏ ਇਕਨਾ ਹੁਕਮੇ ਕਰੇ ਵਿਣਾਸੁ ॥
ਇਕਨਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ ॥
ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥
ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ।੩।

**ਅਰਥ :** 'ਸਰਬ ਰਜਾਇ' 'ਹੁਕਮ' ਪਰ ਸਾਹਿਬ ਗੁਰੂ ਅੰਗਦ ਦੇਵ ਦੂਸਰੇ ਸਤਿਗੁਰਾਂ ਰਾਹੀਂ ਪ੍ਰੌੜਤਾ ਦਾ ਸਲੋਕ ਹੈ ਜੀਓ !

ਇਹ ਸੰਸਾਰ ਉਸ ਸਚੇ ਵਾਹਿਗੁਰੂ ਦੇ ਵਸਣ ਦਾ ਅਸਥਾਨ ਹੈ, ਤੇ ਜਿਸ ਵਿਚ ਸਚੇ ਦਾ ਵਾਸਾ ਹੈ। ਹਰਿ ਜੀਅ ਵਿਚ ਆਤਮਾ ਰੂਪ (ਕੁਦਰਤ) ਦੀ ਸ਼ਕਤੀ ਰਾਹੀਂ ਕਾਦਰ ਹੋ ਕੇ ਵਸ ਰਿਹਾ ਹੈ, ਜਥਾ : ਸਭ ਤੇਰੀ ਕੁਦਰਤਿ ਤੂ ਕਾਦਰੁ ਕਰਤਾ ਇਕਨਾ ਜੀਆਂ ਨੂੰ ਆਤਮਕ ਤੌਰ ਤੇ ਆਪਣੇ ਨਾਲ ਹੀ ਮੇਲ ਲੈਂਦਾ ਹੈ, ਜਿਵੇਂ ਲਹਿਰ ਤੇ ਪਾਣੀ ਦਾ ਮੇਲ ਹੋ ਜਾਂਦਾ ਹੈ ਤੇ ਬਾਕੀਆਂ ਨੂੰ ਹੁਕਮ ਨਾਲ ਹੀ ਵਿਣਾਸ ਕਰ ਦਿੰਦਾ ਹੈ। ਭਾਵ ਜਨਮ ਮਰਨ ਦੇ ਗੇੜ ਵਿਚ ਪਾਈ ਰਖਦਾ ਹੈਂ ਕਿਉਂ ਜੋ ਉਨ੍ਹਾਂ ਦਾ ਮਨ ਮਾਇਆ ਵਿਚ ਹੀ ਫਸਿਆ ਰਹਿੰਦਾ ਹੈ। ਸੋ ਇਹ ਵੀ ਪਤਾ ਨਹੀਂ ਲਗਦਾ, ਕਿਹਾ ਨਹੀਂ ਜਾ ਸਕਦਾ ਕਿ ਕਿਸ ਦੀ ਘਾਲ ਰਾਸਿ ਆ ਜਾਵੇਗੀ ਹੇ ਨਾਨਕ ਜਿਸ ਉਪਰ ਉਹ ਕਿਰਪਾ ਦਾ ਪ੍ਰਕਾਸ਼ ਪਾ ਦੇਵੇ (ਆਤਮਕ ਚਾਨਣ ਬਖਸ਼ ਦੇਵੇ) ਉਸ ਨੂੰ ਹੀ ਗੁਰਮੁਖਿ ਜਾਣਿਆ ਜਾਂਦਾ ਹੈ। ਸੋ ਮਿਸਾਲ ਦਿੱਤੀ ਹੈ ਤੇ ਇਕ ਕੋਠੜੀ ਦੀ ਤਸਵੀਰ ਹੀ ਸ਼ਲੋਕ ਵਿਚ ਖਿੱਚ ਕੇ ਸੰਸਾਰ ਨੂੰ ਉਸ ਵਿਚ ਹਨੇਰਾ ਤੇ ਚਾਨਣਾ ਦੀ ਬੱਧਕ ਬਣਾ ਦਿਤਾ ਹੈ। ਕ੍ਰਿਪਾ ਦਾ ਚਾਨਣ ਹੀ ਸਰੀਰ ਰੂਪੀ ਕੋਠੜੀ ਵਿਚ ਉਸ ਆਤਮਾ ਦੇ ਪ੍ਰਕਾਸ਼ ਨੂੰ ਜਣਾ ਸਕਦਾ ਹੈ। ਅਪਣੀ ਘਾਲ ਨਹੀਂ ॥ ੩ ॥

ਪਉੜੀ । ੨ । ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥
ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥
ਲਿਖਿ ਨਾਵੈ ਧਰਮੁ ਬਹਾਲਿਆ ॥ ੨ ॥

**ਅਰਥ :** ਇਸ ਆਸਾ ਜੀ ਦੀ ਵਾਰ ਦੀ ਦੂਜੀ ਪਉੜੀ ਵਿਚ ਹਜ਼ੂਰ ਜੀ ਨੇ ਖੋਲ੍ਹ ਕੇ ਦਸਿਆ ਹੈ ਕਿ ਜਦ ਇਨਸਾਨ ਪੈਦਾ ਕਰ ਦਿਤਾ ਤਾਂ ਉਸ ਦੀ ਰਹਿਨੁਮਾਈ

ਲਈ 'ਧਰਮ' ਭਾਵ (ਨਿਯਮ) ਬਣਾ ਦਿਤਾ। ਇਹ ਨਿਯਮ (ਧਰਮੁ) ਦਾ ਨੁਕਤਾ ਹਰ ਇਕ ਦੇ ਅੰਦਰ ਵਿਆਪ ਰਿਹਾ ਹੈ ਚਾਹੇ ਕੋਈ ਕੁਛ ਕਰੇ, ਉਸ ਨੂੰ ਠੀਕ ਹੈ ਕਿ ਨਹੀਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ।

ਪਉੜੀ ਦੀ ਦੂਜੀ ਤੁਕ ਵਿਚ 'ਓਥੈ' ਪਦ ਤੋਂ ਪਤਾ ਲਗਾ ਕਿ ਪਰਲੋਕ ਦਾ ਜ਼ਿਕਰ ਕਰ ਰਹੇ ਹਨ ਜਥਾ : ''ਐਥੈ ਓਥੈ ਨਿਬਹੀ ਨਾਲਿ (ਰਾਮਕਲੀ ਮ: ੧) ਆਦਿ ਵਾਕ ਆਖ ਕੇ ਐਥੇ ਤੋਂ ਇਹ ਲੋਕ ਓਥੇ ਤੋਂ ਪਰਲੋਕ ਦਾ ਸਾਫ ਭਾਵ ਦੇ ਰਹੇ ਹਨ। ਇਹ ਨੁਕਤਾ ਉਨ੍ਹਾਂ ਜੀਵਾਂ ਨੂੰ ਸਿੱਧੇ ਰਸਤੇ ਪਉਣ ਲਈ ਵਰਤਿਆ ਹੈ ਜੋ ਕਹਿੰਦੇ ਹਨ (ਇਹ ਜਗ ਡਿੱਠਾ ਅਗਲਾ ਕਿਨ ਡਿਠਾ) ਗੁਰੂ ਨਾਨਕ ਪਾਤਸ਼ਾਹ ਅਗਲੇ ਡਿਠੇ ਦੀ ਗੱਲ ਵੀ ਧਰਮ ਰਾਹੀਂ ਸਮਝਾਉਂਦੇ ਹਨ। ਹਾਂ ਦੂਜਾ ਭਾਵ ਧਰਮ ਦਾਂ ਧਰਮ ਰਾਜ ਤੋਂ ਲਿਆ ਜਾ ਸਕਦਾ ਹੈ। ਏਥੇ ਤਾਂ ਜੀਵ ਬਣਾਏ ਤੇ ਉਥੇ ਦਰਗਾਹ ਵਿਚ ਧਰਮ ਰਾਜ ਸਾਜਿਆ ਹੈ ਜੋ ਜੀਵਾਂ ਦੀ ਆਤਮਾ ਦੇ ਪਏ ਨਿਸ਼ਾਨ ਸੱਚ ਨੂੰ ਵਾਚ ਕੇ ਨਿਯਮ ਤੇ ਪੂਰੇ ਨਾ ਉਤਰਨ ਵਾਲਿਆਂ ਨੂੰ ਬਾਹਰ ਪਰਲੋਕ ਤੋਂ ਧੱਕ ਦਿੰਦਾ ਹੈ ਤੇ ਉਹ ਆਤਮਾਂ ਕੂੜ ਵਾਲੀਆਂ ਫਿਰ (ਮੂਹ ਕਾਲਾ) ਕੁੰਭੀ ਭਾਵ ਜਨਮ-ਮਰਨ ਦੇ ਗੇੜ ਵਿਚ ਸਰੀਰ ਧਾਰ ਕੇ ਕਸ਼ਟਾਂ ਵਿਚ ਵਾਪਰਦੀਆਂ ਹਨ ਤੇ ਕੁੰਭੀ-ਨਰਕ ਵਿਚ ਫਿਰ ਵਾਸਾ ਹੁੰਦਾ ਹੈ। ਵਖੋ ਵਖਰੀਆਂ ਜੂਨਾਂ ਨੂੰ ਭੋਗਣਾ ਪੈਂਦਾ ਹੈ ਉਨ੍ਹਾਂ ਨੂੰ ਜੋ ਸੱਚ-ਧਰਮ ਦੇ ਨਿਯਮ ਨੂੰ ਨਹੀਂ ਪਾਲਦੀਆਂ ਮਨੁੱਖਾਂ ਜਨਮ ਵੇਲੇ। ਸੋ ਨਿਰਣਾ ਪਓੜੀ ਵਿਚ ਹਜ਼ੂਰ ਜੀ ਨੇ ਸਾਫ ਕਰ ਦਿੱਤਾ ਕਿ ਜੋ ਠੱਗੀ-ਫਰੇਬ-ਝੂਠ-ਨਿੰਦਿਆ ਵਿਚ ਲਗੇ ਹਨ ਉਨ੍ਹਾਂ ਦਾ ਵਿਛੋੜਾ ਬਣਿਆ ਹੀ ਰਵ੍ਹੇਗਾ ਤੇ ਜੋ ਨਾਮ ਵਿਚ ਲਗ ਗਏ ਨਿਯਮ ਵਿਚ ਆਪੇ ਨੂੰ ਚਲਾਉਂਦੇ ਰਹੇ ਉਹ ਉਸ ਦੀ ਬਖਸ਼ਸ਼ ਪਾਤਰ ਬਣ ਗਏ ਤੇ ਉਨ੍ਹਾਂ ਨੂੰ ਧਰਮੁ (ਨਿਯਮ ਪਾਲਣਾ ਸਦਕਾ) ਦਰਗਾਹ ਵਿਚ ਹੀ ਥਾਂ ਮਿਲ ਗਈ ਆਤਮਾਂ-ਪ੍ਰਮਾਤਮਾ ਵਿਚ ਲੀਣ ਹੋ ਗਈ ਤੇ ਜਨਮ ਮਰਨ ਦਾ ਗੇੜ ਸਮਾਪਤ ਹੋ ਗਿਆ ਧਰਮੀਆਂ ਦਾ 'ਜੋ ਨਾਮ' ਵਿਚ ਰੱਤੇ ਗਏ।

ਵਿਆਖਿਆ : ਪਉੜੀ ਵਿਚ ਦੱਸਿਆ ਹੈ ਕਿ ਉਥੇ (ਦਰਗਾਹ) ਵਿਚ ਸਚ ਦਾ ਹੀ ਨਿਬੇੜਾ ਹੈ। ਪਹਿਲੇ ਸਲੋਕ ਵਿਚ ਸੱਚ ਦਾ ਵੇਰਵਾ ਹੈ। ਪਹਿਲਾ ਸਚ ਆਪ ਪ੍ਰਭੂ ਅਧਾਰ ਰੂਪ ਹੈ, ਦੂਜਾ ਸੱਚ ਉਸ ਦੀ ਰਚਨਾ (ਕੁਦਰਤ ਹੈ) ਤੀਸਰਾ ਸੱਚ ਉਸਦੀ ਵੀਚਾਰ ਹੈ। ਤੇ ਚਉਥਾ ਪੜਾਵ ਹੈ ਉਸਦੀ ਮਿਹਰ ਤੇ ਪੰਜਵਾਂ ਸੱਚ ਹੈ ਜੀਵਾਂ ਦਾ ਉਸ ਦੀ ਸਿਫਤ ਸਲਾਹ ਦੇ ਰਾਹੇ ਪੈ ਜਾਣ, ਤੇ ਨਾਮ ਜਪਦਿਆਂ ਹੀ ਨਾਮੀ ਵਿਚ ਲੀਣ ਹੋ ਜਾਣ। ਸਲੋਕ ਵਿਛੋੜੇ ਦਾ ਪਰਤੀਕ ਹੈ ਤੇ ਪਉੜੀ ਵਿਚ ਮਿਲਾਪ ਕਰਨ ਦਾ ਸੌਖਾ ਤਰੀਕਾ ਬਿਆਨ ਕੀਤਾ ਹੈ ਜੀਓ।

(ਚਲਦਾ)

# ਸਾਡੇ ਰਾਗੀ ਜਥੇ

ਜੀ. ਐਸ. ਰੰਧਾਵਾ

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਬੜੀ ਗੌਹਜ ਗੱਲ ਦੱਸੀ ਸੀ ਕਿ ਪੁੰਨ ਦਾਨ ਕੇਵਲ ਲੋੜਵੰਦ ਗੁਰੂ ਕੇ ਸਿਖਾਂ ਨੂੰ ਹੀ ਲਗਦਾ ਹੈ, ਹੋਰ ਕਿਸੇ ਨੂੰ ਦਾਨ ਦਿਤਾ ਨਹੀਂ ਲਗਦਾ ਹੈ ਭਾਵ ਬੇਅਰਥ ਜਾਂਦਾ ਹੈ। ਜੇਕਰ ਹਰ ਸਿੱਖ ਨੂੰ ਇਹ ਸੋਝੀ ਆ ਜਾਵੇ ਅਤੇ ਇਸ ਤੇ ਅਮਲ ਸ਼ੁਰੂ ਹੋ ਜਾਵੇ ਤਾਂ ਸਾਡੇ ਖਿੰਡਰੇ ਪਏ ਰਾਗੀ ਜਥੇ ਇਕ ਭਾਵਕ ਤਰੀਕੇ ਨਾਲ ਇਕ ਸੂਤ ਸੰਜਮ ਮਰਯਾਦਾ ਵਿਚ ਲਿਆਂਦੇ ਜਾ ਸਕਦੇ ਹਨ। ਸਾਡੇ ਰਾਗੀ ਜਥੇ ਦੋ ਭਾਗਾਂ ਵਿਚ ਵੰਡੇ ਜਾ ਸਕਦੇ ਹਨ; ਇਕ ਉਹ ਜੋ ਵਪਾਰਕ ਲਾਈਨਾਂ ਤੇ ਚਲਦੇ ਹਨ ਅਤੇ ਦੂਜੇ ਜੋ ਸਵੈ-ਨਿਰਭਰ ਪ੍ਰੇਮ ਸਹਿਤ ਗੁਰਬਾਣੀ ਦੇ ਹਰਿ ਕੀਰਤਨ ਦਾ ਸ਼ੌਕ ਰੱਖਦੇ ਹਨ।

ਕਿਉਂਕਿ ਹਰਿ ਕੀਰਤਨ ਸਾਡੇ ਸਤਿਗੁਰੂ ਨਾਨਕ ਜੀ ਨੇ ਬਾਣੀ ਦਵਾਰਾ ਸ਼ੁਰੂ ਕੀਤਾ ਸੀ, ਇਸ ਕਰਕੇ ਸਾਨੂੰ ਉਸ ਗੁਰ ਰੀਤੀ ਮਰਯਾਦਾ ਨੂੰ ਹੀ ਅਪਨਾਉਣਾ ਚਾਹੀਦਾ ਹੈ। ਹਰ ਰਾਗੀ ਜਥੇ ਵਿਚ ਇਕ ਖੱਤਰੀ, ਇਕ ਜੱਟ ਅਤੇ ਇਕ ਪਛੜੀ ਜਾਤੀ ਦਾ ਗੁਰ ਸਿੱਖ ਹੋਣਾ ਚਾਹੀਦਾ ਹੈ। ਹਰ ਰਾਗੀ ਜਥਾ ਜ਼ਿਲ੍ਹਾ ਮੁਕਾਮ ਸ਼ਹਿਰ ਦੀ ਸਿੰਘ ਸਭਾ ਕੋਲ ਰਜਿਸਟਰਡ ਹੋਣਾ ਜ਼ਰੂਰੀ ਹੈ ਅਤੇ ਉਸ ਨੂੰ ਆਪਣੇ ਨੀਯਤ ਕੀਤੇ ਹਲਕੇ ਵਿਚ ਹੀ ਵਿਚਰਨਾ ਚਾਹੀਦਾ ਹੈ। ਜਦੋਂ ਕਿਸੇ ਨੂੰ ਰਾਗੀ ਜਥੇ ਦੀ ਲੋੜ ਪਵੇ ਤਾਂ ਉਸ ਨੂੰ ਜ਼ਿਲ੍ਹੇ ਦੀ ਸਿੰਘ ਸਭਾ ਨਾਲ ਸੰਪਰਕ ਕਰਕੇ ਬੰਧੀ ਨੀਯਤ ਭੇਟਾ ਸਹਿਤ ਰਾਗੀ ਜੱਥਾ ਮਿਲ ਜਾਣਾ ਚਾਹੀਦਾ ਹੈ। ਕਿਉਂਕਿ ਇਸ ਵਪਾਰਕ ਭਾਗ ਦੇ ਰਾਗੀ ਜਥੇ ਨੇ ਹੀ ਆਪਣੇ ਹਲਕੇ ਵਿਚ ਮੱਸਿਆ, ਸੰਗਰਾਂਦ, ਪੁੰਨਿਆ, ਵਿਆਹ-ਸ਼ਾਦੀ, ਮ੍ਰਿਤਕ ਭੋਗਾਂ ਆਦਿ ਤੇ ਜਾਣਾ ਹੋਵੇਗਾ, ਉਸਨੂੰ ਚੰਗੇ ਗੁਜ਼ਾਰੇ ਦੀ ਮਾਇਆ ਯਕੀਨੀ ਮਿਲੇਗੀ। ਬਹੁਤਾ ਲਾਲਚ ਬੁਰੀ ਬਲਾ ਹੁੰਦੀ ਹੈ। ਸੰਜਮ ਦਾ ਜੀਵਨ ਹੀ ਸੁੱਖ ਸ਼ਾਂਤੀ ਬਖਸ਼ਦਾ ਹੈ। ਇਨ੍ਹਾਂ ਵਿੱਚੋਂ ਉੱਘੇ ਰਾਗੀ ਜਥੇ ਆਪਣੀ ਕਲਾ ਰੇਡੀਉ ਸਟੇਸ਼ਨਾਂ ਤੇ ਵੀ ਵਖਾ ਸਕਣਗੇ।

ਦੂਜੇ ਭਾਗ ਦੇ ਅਦਰਸ਼ਕ ਕੀਰਤਨੀ ਜਥੇ ਵਿਚ ਵੀ ਇਕ ਖਤ੍ਰੀ, ਇਕ ਜੱਟ ਅਤੇ ਇਕ ਪੱਛੜੀ ਜਾਤੀ ਦਾ ਗੁਰਸਿੱਖ ਰਖਣਾ ਚਾਹੀਦਾ ਹੈ। ਰੰਗਰੇਟਾ ਗੁਰੂ ਕਾ ਬੇਟਾ ਸਾਥੋਂ ਵੱਖਰੇ ਹੁੰਦੇ ਜਾਂਦੇ ਹਨ। ਇਸ ਤਰ੍ਹਾਂ ਕੀਤਿਆ ਉਹ ਇਕੋ ਹੀ ਲੈਵਲ ਤੇ ਆ ਜਾਣਗੇ ਅਤੇ ਪ੍ਰਸਪਰ ਪਿਆਰ ਵਧੇਗਾ। ਇਸ ਜਥੇ ਨੂੰ ਕਿਤੇ ਰਜਿਸਟਰਡ ਕਰਾਉਣ ਦੀ ਲੋੜ ਨਹੀਂ ਹੋਵੇਗੀ। ਇਸ ਦੇ ਮੈਂਬਰ ਬੜੇ ਸੰਤੁਸ਼ਟ ਅਤੇ ਤਨੋ ਮਨੋ ਰੂੜੇ ਗੁੜੇ ਰੰਗੇ ਹੋਏ ਅਲਾਹੀ ਹਰਿ ਕੀਰਤਨੀਏ ਦਾ ਜਥਾ ਹੋਵੇਗਾ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਭਲੋ ਭਲੋ ਕਰਕੇ ਆਖਿਆ ਸੀ :-

"ਭਲੋ ਭਲੋ ਰੇ ਕੀਤਨੀਆ ॥ ਰਾਮ ਰਮਾ ਰਾਮਾ ਗੁਣ ਗਾਉ ॥<br>
ਛੋਡਿ ਮਾਇਆ ਕੇ ਧੰਧ ਸੁਆਉ ॥ (ਪੰਨਾ—885)

ਐਸੇ ਅਦਰਸ਼ਕ ਕੀਰਤਨੀਏ ਜਥੇ ਦਾ ਕੀਰਤਨ ਨਿਰੋਲ ਗੁਰੂ ਆਸ਼ੇ ਮੁਤਾਬਕ ਕੇਵਲ ਅਕਾਲ ਪੁਰਖ ਸਤਿਗੁਰੂ ਦੇ ਗੁਣ ਗਾਉਣਾ ਹੀ ਹੋਵੇਗਾ । ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰ ਅਸਥਾਨਾਂ ਤੇ ਇਨ੍ਹਾਂ ਨੂੰ ਆਦਰ ਦਿੱਤਾ ਜਾਵੇਗਾ । ਇਹ ਜਥੇ ਹਰ ਸ਼ਹਿਰ ਵਿਚ ਇਤਨੇ ਜ਼ਿਆਦਾ ਹੋਣੇ ਚਾਹੀਦੇ ਹਨ ਕਿ ਰੋਜ਼ਾਨਾ ਕੀਰਤਨ ਸਮਾਗਮਾਂ ਦਾ ਪਰਵਾਹ ਚਲ ਪਵੇ ਅਤੇ ਸੰਗਤਾਂ ਹਰਿ ਕੀਰਤਨ ਜੋ ਉੱਤਮ ਨਾਮੁ ਹੈ, ਵਿਚ ਜੁੜ ਜੁੜ ਕੇ ਆਪਣਾ ਕੀਮਤੀ ਜਨਮ ਸਵਾਰ ਕੇ ਭਉਜਲ ਪਾਰਿ ਉਤਰਨ ਵਾਲੇ ਬਣ ਸਕਣ । ਇਨ੍ਹਾਂ ਨੂੰ ਰੇਡੀਓ ਸਟੇਸ਼ਨਾਂ ਤੇ ਨਹੀਂ ਜਾਣਾ ਚਾਹੀਦਾ । ਇਨ੍ਹਾਂ ਨੂੰ ਸੰਗਤਾਂ ਵੱਲੋਂ ਨਿੱਘਾ ਪਿਆਰ ਅਤੇ ਸਤਿਕਾਰ ਮਿਲਣਾ ਚਾਹੀਦਾ ਹੈ । ਇਨ੍ਹਾਂ ਦੀ ਘਰੋਗੀ ਹਾਲਤ ਦਾ ਧਿਆਨ ਸੰਗਤਾਂ ਨੇ ਰੱਖਣਾ ਹੋਵੇਗਾ, ਦੁਖ ਬਿਪਤਾ ਵੇਲੇ ਹਰ ਤਰ੍ਹਾਂ ਦੀ ਸੇਵਾ ਸੰਭਾਲ ਕਰਨੀ ਸੰਗਤਾਂ ਦਾ ਹੀ ਫਰਜ਼ ਬਣਦਾ ਹੈ ।

ਇਸ ਕਿਸਮ ਦੇ ਕੀਰਤਨੀ ਜਥਿਆਂ ਵਿਚੋਂ ਉਹ ਹੀਰਾ ਸਿੰਘ ਭਾਗ ਸਿੰਘ ਵਰਗੇ ਹੀਰੇ ਪੈਦਾ ਹੋਣਗੇ ਜੋ ਸਿੱਖ ਪੰਥ ਦੀ ਅਸਲ ਸ਼ਕਤੀ ਅਤੇ ਮਾਨ ਮਰਯਾਦਾ ਵਿਚ ਵਾਧਾ ਕਰਨਗੇ । ਇਸ ਨਾਲ ਸਿੱਖੀ ਪ੍ਰਚਾਰ ਵਧੇਗਾ ਅਤੇ ਸਿੱਖ ਕੌਮ ਵਿਚ ਗੁਰੂ ਦੱਸੀ ਜਾਗ੍ਰਤਾ ਆਵੇਗੀ : —

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥<br>
ਨਾਨਕ ਸੇ ਜਾਗੰਨਿ ਜਿ ਰਸਨਾ ਨਾਮੁ ਉਚਾਰਣੇ ॥ (ਪੰਨਾ 1425)<br>
ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰ ॥<br>
(ਪੰਨਾ - 1313)

# ਆਦਿ ਗ੍ਰੰਥ ਦਾ ਭਾਰਤੀ ਸੰਗੀਤ ਪ੍ਰਤੀ ਯੋਗਦਾਨ

— ਭਾਈ ਬਲਦੇਵ ਸਿੰਘ ਹਜੂਰੀ ਰਾਗੀ ਬੁੱਢਾ ਦੱਲ

ਆਦਿ ਗ੍ਰੰਥ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਦੀ 'ਸੰਪਾਦਨਾ ਪੰਜਵੇਂ ਗੁਰੂ— ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਕੀਤੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਇਕਤਰ ਕੀਤੀ ਅਤੇ ਸਮਕਾਲੀ ਭਗਤਾਂ ਦੀ ਬਾਣੀ ਜੋ ਗੁਰਮਤਿ ਆਸੇ ਅਨੁਕੂਲ ਸੀ, ਘੋਖਵਾਂ ਅਧਿਐਨ ਕਰਨ ਉਪਰੰਤ ਆਪਣੇ ਧਰਮ ਸਿਖ ਭਾਈ ਗੁਰਦਾਸ ਜੀ ਕੋਲੋਂ ਇਕ ਇਕਾਂਤ ਜਗ੍ਹਾ ਜਿਸ ਦਾ ਨਾਮ ਹੁਣ ਗ. ਰਾਮਸਰ ਅੰਮ੍ਰਿਤਸਰ ਹੈ, ਵਿਖੇ ਆਪ ਜੀ ਦੀ ਪਵਿਤਰ ਰਹਿਨੁਮਾਈ ਵਿਚ ਲਿਖਵਾਇਆ। ਸਮੁੱਚੇ ਗੁਰੂ ਗ੍ਰੰਥ ਦੀ ਸੰਪਦਾਨਾ ਰਾਗਾਂ ਦੇ ਆਧਾਰ ਤੇ ਹੋਈ। ਸਮੁੱਚੀ ਬਾਣੀ ਰਾਗਾਤਮਕ ਹੈ। ਵਿਸ਼ਵ ਵਿਚ ਅਜਿਹਾ ਕੋਈ ਗ੍ਰੰਥ ਪ੍ਰਾਪਤ ਨਹੀਂ ਹੁੰਦਾ ਜਿਸ ਦੀ ਸਮੁੱਚੀ ਬਾਣੀ (ਕਵਿਤਾ) ਸੰਗੀਤਆਤਮਕ ਹੋਵੇ।

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੇਵਲ ਅਧਿਆਤਮਕ ਜਗਤ ਨੂੰ ਹੀ ਦੇਣ ਨਹੀਂ ਸਗੋਂ ਕਲਾ ਜਗਤ ਨੂੰ ਇਕ ਅਨੂਠੀ ਦੇਣ ਹੈ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਅਨੁਸਾਰ ਰਾਗਾਂ ਦੀ ਗਿਣਤੀ 31 ਹੈ, ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਪਾਠ ਪਠਨ ਅਤੇ ਅਧਿਐਨ ਤੋਂ ਪਤਾ ਲਗਦਾ ਹੈ, ਕਿ ਇਹਨਾਂ 31 ਰਾਗਾਂ ਦੇ ਅਧੀਨ 29 ਰਾਗ ਹੋਰ ਵੀ ਹਨ, ਜਿਹਨਾਂ ਬਾਰੇ ਅੱਗੇ ਚਲ ਕੇ ਲਿਖਾਂਗੇ।

14ਵੀਂ, 15ਵੀਂ, 16ਵੀਂ ਸ਼ਤਾਬਦੀ ਵਿਚ ਇਤਿਹਾਸ ਪੜ੍ਹਿਆਂ ਪਤਾ ਲਗਦਾ ਹੈ ਕਿ ਸੰਗੀਤ ਨੂੰ ਕਿਵੇਂ ਰਾਜ ਦਰਬਾਰਾਂ ਵਿਚ ਵਿਲਾਸੀ ਰੁਚੀਆਂ ਲਈ ਵਰਤੋਂ ਹੁੰਦੀ ਸੀ। ਸਤਿਗੁਰਾਂ ਅਤੇ ਸੰਤਾਂ ਭਗਤਾਂ ਇਸ ਵਿਰੁੱਧ ਆਵਾਜ ਉਠਾਈ ਅਤੇ ਪ੍ਰਭੂ ਦੀ ਉਸਤਤ ਨੂੰ ਇਹਨਾਂ ਰਾਗਾਂ ਅਧੀਨ ਗਾ ਕੇ ਆਪਣੇ ਵਲ ਪ੍ਰੇਰਤ ਕੀਤਾ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ -- ਦਰਬਾਰੀ ਸੰਗੀਤ ਤੇ ਸੰਤ-ਸੰਗੀਤ ਵਿਚ ਅੰਤਰ ਇਹ ਸੀ ਦੋਹਾਂ ਦੇ ਵਿਸੇ-ਵਸਤੂ ਦਾ ਤਕੜਾ ਭਿੰਨ-ਭੇਦ ਸੀ। ਜਿਥੇ ਦਰਬਾਰੀ ਸੰਗੀਤ ਕੇਵਲ ਮਾਨਸਿਕ ਵਿਲਾਸ ਮਾਤ੍ਰ ਸੀ ਉਥੇ ਸੰਤ-ਸੰਗੀਤ ਜਿੰਦਗੀ ਨੂੰ ਪ੍ਰਮਾਰਥਕ ਆਦਰਸ਼ ਦ੍ਰਿੜ ਕਰਵਾਉਂਦਾ ਸੀ ਗੁਰੂਆਂ, ਸੰਤਾ, ਸੂਫੀਆਂ ਇਸ ਦੀ ਲਾਭਦਾਇਕ ਵਰਤੋਂ ਕੀਤੀ। ਕੁਝ ਹੱਦ ਤਕ ਸੰਗੀਤ ਨੂੰ ਨਵਾਂ ਰੂਪ ਵੀ ਦਿੱਤਾ। ਕਿਉਂਕਿ ਸੰਤ ਸਾਧੂ ਆਮ ਤੌਰਤੇ ਹੇਠਲੇ ਤਬਕੇ ਵਿਚੋਂ ਉਠੇ ਹੋਏ ਸਨ ਤੇ ਉਹਨਾਂ ਨੂੰ ਲੋਕ-ਧੁਨਾਂ ਦੀ ਚੰਗੀ ਜਾਣਕਾਰੀ ਸੀ। ਇਸ ਕਰਕੇ ਉਹਨਾਂ ਸ਼ਾਤਤ੍ਰੀ ਸੰਗੀਤ ਤੇ ਲੋਕ ਸੰਗੀਤ ਦਾ ਸੁਮੇਲ ਕਰਨ ਦੀ ਚੰਗੀ ਸਫਲਤਾ ਹਾਸਲ ਕੀਤੀ।

ਸ਼ਾਸਤਰੀ-ਸੰਗੀਤ · ਸਤਿਗੁਰਾਂ ਜਿਥੇ ਇਸ ਇਲਾਹੀ ਕਲਾਮ ਨੂੰ ਆਪ ਰਾਗਾਂ ਵਿਚ ਰਚ ਕੇ ਗਾਇਆ ਉਥੇ ਸਿਖ ਸੰਗਤ ਨੂੰ ਵੀ ਬਾਣੀ ਰਾਗਾਂ ਵਿਚ ਗਾਉਣ ਦੀ

ਹਦਾਇਤ ਕੀਤੀ। ਗੁਰੂ ਸਾਹਿਬਾਨਾਂ ਆਪਣੇ ਨਾਲ ਚੰਗੇ ਚੰਗੇ ਰਬਾਬੀ ਰੱਖੇ ਹੋਏ ਸਨ। ਗੁਰੂ ਨਾਨਕ ਪਿਤਾ ਦਾ ਸਾਥੀ ਭਾਈ ਮਰਦਾਨਾ ਉਮਰ ਭਰ ਬਾਬੇ ਨਾਲ ਰਿਹਾ। ਗੁਰੂ ਅਰਜਨ ਦੇਵ ਆਪ ਸਰਿੰਦਾ ਵਜਾਉਂਦੇ ਅਤੇ ਕੀਰਤਨ ਕਰਦੇ ਸਨ। ਗੁਰੂ ਅਮਰਦਾਸ ਜੀ ਨੂੰ ਸਰਿੰਦੇ ਦਾ ਅਵਿਸ਼ਕਾਰਕ ਮੰਨਿਆ ਜਾਂਦਾ ਹੈ। ਇਤਿਹਾਸਕ ਖੋਜ ਅਨੁਸਾਰ ਗੁਰੂ ਨਾਨਕ ਦੇਵ ਜਦੋਂ ਬੰਗਾਲ ਗਏ ਤਾਂ ਉਥੇ ਦੇ ਪ੍ਰਸਿਧ ਸੰਤ ਚੇਤਨ ਪ੍ਰਭੂ ਅਤੇ ਬਾਬਾ ਨਾਨਕ ਨੇ ਇਕੱਠਿਆਂ ਜਗਨਨਾਥ ਪੁਰੀ ਵਿਚ ਕੀਰਤਨ ਕੀਤਾ, ਇਹ ਵਾਕਿਆ 1510-12 ਦਾ ਹੈ। ਸਤਿਗੁਰਾਂ ਦੁਆਰਾ ਰਾਗਾਂ ਦੀ ਉਪਮਾ ਵਿਚ ਅਨੇਕਾਂ ਪੰਕਤੀਆਂ ਉਚਾਰੀਆਂ ਹੋਈਆਂ ਮਿਲਦੀਆਂ ਹਨ। ਟੂਕ ਸਾਤਰ —

ਰਾਗ ਸਿਰੀ — ਰਾਗਾਂ ਵਿਚ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥

(ਆਦਿ ਗ੍ਰੰਥ ਪੰਨਾ 83)

ਰਾਗ ਗਉੜੀ — ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥

(ਸਲੋਕ ਮਹਲਾ ਤੀਜਾ ਆਦਿ ਗ੍ਰੰਥ ਪੰਨਾ 311)

ਰਾਗ ਗੂਜਰੀ — ਗੂਜਰੀ ਜਾਤਿ ਗਵਾਰ ਜਾ ਸਚੁ ਪਾਏ ਆਪਣਾ ॥

(ਸਲੋਕ ਮਹਲਾ ਤੀਜਾ ਆਦਿ ਗ੍ਰੰਥ ਪੰਨਾ 516)

ਰਾਗ ਬਿਲਾਵਲੁ —

ਹਰਿ ਉਤਮ ਹਰਿ ਪ੍ਰਭੁ ਗਾਵਿਆ ਕਰਿ ਨਾਦ ਬਿਲਾਵਲੁ ਰਾਗੁ ॥

(ਸਲੋਕ ਮਹਲਾ ਚੌਥਾ ਆਦਿ ਗ੍ਰੰਥ ਪੰਨਾ 849)

ਰਾਗ ਵਡਹੰਸ — ਸਬਦਿ ਰਤੇ ਵਡਹੰਸ ਹੈ ਸਚ ਨਾਮੁ ਉਰਿਧਾਰਿ ॥

(ਸਲੋਕ ਮਹਲਾ ਤੀਜਾ ਆਦਿ ਗ੍ਰੰਥ ਪੰਨਾ 585)

ਰਾਗ ਧਨਾਸਰੀ —

ਧਨਾਸਰੀ ਧਨਵੰਤੀ ਜਾਣੀਐ ਭਾਈ ਜਾ ਸਤਿਗੁਰ ਕੀ ਕਾਰ ਕਰਾਉ ॥

(ਸਲੋਕ ਮਹਲਾ ਤੀਜਾ ਆਦਿ ਗ੍ਰੰਥ ਪੰਨਾ 1419)

ਰਾਗ ਰਾਮਕਲੀ — ਰਾਮਕਲੀ ਰਾਮ ਮਨਿ ਵਸਿਆ ਤਾ ਬਨਿਆ ਸਿਗਾਰ ॥

(ਸਲੋਕ ਮਹਲਾ ਤੀਜਾ ਆਦਿ ਗ੍ਰੰਥ ਪੰਨਾ 950)

ਰਾਗ ਕੇਦਾਰਾ — ਕੇਦਾਰਾ ਰਾਗਾਂ ਵਿਚ ਜਾਣੀਐ ਭਾਈ ॥

ਸਲੋਕ ਮਹਲਾ ਤੀਜਾ ਆਦਿ ਗ੍ਰੰਥ 1007)

ਰਾਗ ਮਾਰੂ — ਗੁਰ ਕੈ ਸਬਦਿ ਅਰਾਧੀਐ ਰਾਮਿ ਰੰਗ ਬੈਰਾਗ ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹ ਰਾਗ ॥

(ਸਲੋਕ ਮਹਲਾ ਪੰਜਵਾਂ ਆਦਿ ਗ੍ਰੰਥ ਪੰਨਾ 1425)

ਰਾਗ ਸੋਰਠਿ — ਸੋਰਠਿ ਸੋ ਰਸ ਪੀਜੀਐ ਕਬਹੂ ਨ ਫੀਕਾ ਹੋਇ ॥

(ਸਲੋਕ ਮਹਲਾ ੫, ਪੰਨਾ 1425)

ਅਤੇ—ਰਾਗ ਰਤਨ ਪ੍ਰਵਾਰ ਪਰੀਆ ਸਬਦ ਗਾਵਣ ਆਈਆ ॥

(ਰਾਮਕਲੀ ਮਹਲਾ ੩, ਅਨੰਦ)

ਲੋਕ ਸੰਗੀਤ—ਗੁਰੂ ਸਾਹਿਬਾਨ ਦਾ ਉਦੇਸ਼ ਸਾਧਾਰਨ ਲੋਕਾਈ ਨੂੰ ਸੰਗੀਤ ਵਰਗੀ ਅਨਮੋਲ ਵਸਤੂ ਵਿਚ ਬਾਣੀ ਉਚਾਰ ਕੇ ਸ਼ਬਦ ਨਾਲ ਜੋੜ ਅਧਿਆਤਮਕ ਗਿਆਨ ਤੋਂ ਜਾਣੂ ਕਰਵਾਉਣਾ ਸੀ। ਇਸੇ ਲਈ ਹੀ ਸਤਿਗੁਰਾਂ ਉਪ੍ਰੋਕਤ ਲੋਕ ਧੁਨਾਂ ਨੂੰ ਗੁਰਬਾਣੀ ਉਚਾਰਨ ਸਮੇਂ ਵਿਸ਼ੇਸ਼ ਚੁਣਿਆ। ਮਾਝੇ ਵਿਚਲੀ ਪ੍ਰਚਲਤ ਧੁਨ ਵਿਚ ਸਤਿਗੁਰਾਂ ਬਾਣੀ ਉਚਾਰ ਕੇ ਉਸ ਨੂੰ ਰਾਗ ਦੀ ਪਦਵੀ ਬਖਸ਼ੀ। ਇਸੇ ਤਰ੍ਹਾਂ ਸਤਿਗੁਰਾਂ ਅਲੱਗ ਅਲੱਗ ਇਲਾਕੇ ਦੀਆਂ ਹੋਰਨਾਂ ਬੋਲੀਆਂ ਵਿਚ ਬਾਣੀ ਉਚਾਰੀ ਵਿਸ਼ੇਸ਼ ਕਰਕੇ ਸਤਿਗੁਰ ਨਾਨਕ ਦੁਆਰਾ ਅਲੱਗ ਅਲੱਗ ਸੂਬਿਆਂ ਦਾ ਵਿਸ਼ੇਸ਼ ਦੌਰਾ ਜਿਸ ਨੂੰ ਚਾਰ ਉਦਾਸੀਆਂ ਵੀ ਅਖਿਆ ਜਾਂਦਾ ਹੈ ਉਸ ਸਮੇਂ ਸਤਿਗੁਰਾਂ ਜਿਸ ਮੁਲਕ, ਸੂਬੇ ਵਿਚ ਗਏ ਆਪ ਨੇ ਉਥੋਂ ਦੀ ਪ੍ਰਚੱਲਤ ਬੋਲੀ ਵਿਚ ਹੀ ਬਾਣੀ ਉਚਾਰ ਕੇ ਉਹਨਾਂ ਨੂੰ ਕੀਰਤਨ ਰਾਹੀਂ ਆਪਣੇ ਨਾਲ ਜੋੜਿਆ। ਇਸ ਤਰ੍ਹਾਂ ਸੰਤਾਂ ਭਗਤਾਂ ਤੇ ਗੁਰੂਆਂ ਨੇ ਲੋਕ ਧਾਰਨਾ ਦੇ ਆਦਰਸ਼ ਤੇ ਵੰਨ-ਸੁਵੰਨੇ ਰੂਹਾਨੀ ਗੀਤਾਂ ਦੀ ਰਚਨਾ ਕੀਤੀ। ਸਤਿਗੁਰਾਂ ਜੋ ਲੋਕ ਧੁਨਾ ਵਿਚ ਬਾਣੀ ਉਚਾਰੀ ਉਹ ਇਸ ਵੇਰਵੇ ਅਨੁਸਾਰ ਹੈ :—

ਅਲਾਹੁਣੀ, ਆਰਤੀ, ਅੰਜੁਲੀ, ਸੋਹਿਲਾ, ਸੱਦ, ਕਰਹਲੇ, ਕਾਫੀ, ਥਿੱਤੀ, ਘੋੜੀਆਂ, ਚਉਬੋਲੇ, ਛੰਤ, ਡਖਣੇ, ਬਾਰਾਮਾਹਾ, ਦਿਨ ਰੈਣਿ, ਪਹਰੇ, ਪਟੀ ਬਾਵਨ ਅੱਖਰੀ, ਬਿਰਹੜੇ, ਮੰਗਲ, ਰੁਤੀ, ਵਣਜਾਰਾ, ਵਾਰ ਸਤਿ। ਇਸ ਤੋਂ ਇਲਾਵਾ ਗੁਰੂ ਗ੍ਰੰਥ ਵਿਚਲੀਆਂ 22 ਵਾਰਾਂ ਵਿਚੋਂ 9 ਵਾਰਾਂ ਨੂੰ ਛੇਵੇਂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਾਚੀਨ ਲੋਕ ਧੁਨਾਂ ਜੋ ਸਤਿਗੁਰਾਂ ਦੇ ਵਕਤ ਬਹੁਤ ਪ੍ਰਚੱਲਤ ਸਨ, ਵਿਚ ਗਾਉਣ ਦੀ ਤਾਕੀਦ ਕੀਤੀ।

1. ਵਾਰ ਮਾਝ ਮਲਕ ਮੁਰੀਦ ਤਥਾ ਚੰਦਰਹੜਾ ਸੋਹੀਆ ਕੀ ਧੁਨਿ।
2. ਵਾਰ ਆਸਾ – ਟੁੰਡੇ ਅਸਰਾਜ ਕੀ ਧੁਨਿ।
3. ਵਾਰ ਗਉੜੀ—ਰਾਇ ਕਮਾਲ ਦੀ ਮੌਜਦੀ ਵਾਰਿ ਕੀ ਧੁਨਿ।
4. ਵਾਰ ਗੁਜਰੀ—ਸਿਕੰਦਰ ਬਿਰਾਹਮ ਕੀ ਵਾਰ ਕੀ ਧੁਨਿ।
5. ਵਾਰ ਵਡਹੰਸ ਲਲਾ ਬਹਿਲੀਮਾ ਕੀ ਧੁਨਿ।
6. ਵਾਰ ਰਾਮਕਲੀ –ਜੋਧੇ ਵੀਰੇ ਪੁਰਬਾਣੀ ਕੀ ਧੁਨਿ।
7. ਵਾਰ ਸਾਰੰਗ—ਰਾਇ ਮਹਮੇ ਹਸਨੇ ਕੀ ਧੁਨਿ।
8. ਵਾਰ ਕਾਨੜਾ—ਮੂਸੇ ਕੀ ਵਾਰ ਕੀ ਧੁਨਿ।
9. ਵਾਰ ਮਲ੍ਹਾਰ—ਰਾਣੇ ਕੈਲਾਸ਼ ਤਥਾ ਮਾਲਦੇ ਕੀ ਧੁਨਿ।

ਉਪ੍ਰੋਕਤ ਨਾਮਾਵਲੀ ਤੋਂ ਭਲੀ ਭਾਂਤ ਪ੍ਰਤੀਤ ਹੁੰਦਾ ਹੈ ਕਿ ਸਤਿਗੁਰੂ ਪ੍ਰਚੱਲਤ ਲੋਕ ਸੰਗੀਤ ਵਿਚ ਕਿਤਨੀ ਰੁਚੀ ਅਤੇ ਮੁਹਾਰਤ ਰਖਦੇ ਸਨ। ਸੰਤ ਭਗਤ ਅਤੇ ਗੁਰੂ ਸਾਹਿਬਾਨ ਇਸ ਤਰ੍ਹਾਂ ਲੋਕ ਧੁਨਾਂ ਦੀ ਸੁਚੱਜੀ ਵਰਤੋਂ ਕਰਕੇ ਇਹਨਾਂ ਦੀ ਲਾਭਦਾਇਕ

ਵਰਤੋਂ ਕੀਤੀ। ਇਸ ਦਾ ਅਸਰ ਇਹ ਹੋਇਆ ਕਿ ਕਈ ਰਾਗਣੀਆਂ ਇਤਨੀ ਪ੍ਰਸਿਧੀ ਹਾਸਲ ਕਰ ਗਈਆਂ ਕਿ ਇਹਨਾਂ ਨੂੰ ਰਾਗ ਦੀ ਪਦਵੀ ਹੀ ਮਿਲ ਗਈ। ਕੁਝ ਕੁ ਵਿਦਵਾਨ ਲੋਕਾਂ ਇਹ ਇਤਰਾਜ਼ ਵੀ ਕੀਤਾ ਹੈ ਕਿ ਆਦਿ ਗ੍ਰੰਥ ਵਿਚ ਗਉੜੀ, ਰਾਮਕਲੀ, ਗੂਜਰੀ ਆਦਿ ਇਸਤ੍ਰੀ ਲਿੰਗ ਨਾਮੀ ਰਾਗਣੀਆਂ ਨੂੰ ਰਾਗ ਕਿਉਂ ਲਿਖਿਆ ਹੈ। ਅਸਲੀਅਤ ਇਸ ਤਰ੍ਹਾਂ ਹੈ ਕਿ ਇਹ ਕਾਰਜ ਤਾਂ ਸਤਿਗੁਰਾਂ ਤੋਂ ਪਹਿਲਾਂ ਹੀ ਹੋਇਆ ਮਿਲਦਾ ਹੈ। ਗੁਰੂਆਂ ਇਹ ਜਾਣ ਬੁਝ ਕੇ ਨਹੀਂ ਕੀਤਾ ਤੇ ਇਹਨਾਂ ਨੂੰ ਅੱਜ ਰਾਗਣੀਆਂ ਆਖਣਾ ਮੁਨਾਸਿਬ ਨਹੀਂ ਹੈ। ਇਹ ਸੰਪੂਰਨ ਭਾਗ ਹੀ ਹਨ। ਕਿਉਂਕਿ ਇਹਨਾਂ ਦੇ ਗੁਣ ਆਚਾਰ ਤੇ ਪਦਵੀ ਸਭ ਰਾਗਾਂ ਅਨੁਸਾਰ ਹੈ। ਵੈਸੇ ਰਾਗਣੀਆਂ ਰਾਗਾਂ ਨਾਲੋਂ ਵੀ ਕੋਮਲ ਮੰਨੀਆਂ ਜਾਂਦੀਆਂ ਹਨ। ਇਹਨਾਂ ਨੂੰ ਗਾਉਣਾ ਲੰਮੀ ਸਾਧਨਾ ਦੀ ਮੰਗ ਕਰਦਾ ਹੈ।

ਪੜਤਾਲ ਗਾਇਕੀ ਗੁਰੂ ਰਾਮਦਾਸ ਜੀ ਨੇ ਪਹਿਲੀ ਵੇਰ ਪੜਤਾਲ ਨਾਸਕ ਸਾਸ਼ਤਰੀ ਗਾਇਨ ਸ਼ੈਲੀ ਦਾ ਪ੍ਰਯੋਗ ਕੀਤਾ। ਉਨ੍ਹਾਂ 7 ਰਾਗਾਂ ਵਿਚ 19 ਪੜਤਾਲਾਂ ਦਾ ਅਵਿਸ਼ਕਾਰ ਕੀਤਾ। ਉਪ੍ਰੰਤ ਇਨ੍ਹਾਂ ਦੇ ਮਹਾਨ ਸਪੂਤ ਗੁਰੂ ਅਰਜਨ ਦੇਵ ਜੀ ਨੇ ਪਿਤਾ ਦੇ ਪਦ ਚਿੰਨ੍ਹਾਂ ਤੇ ਚਲਦਿਆਂ 36 ਪੜਤਾਲਾਂ ਦੀ ਰਚਨਾ ਕੀਤੀ। ਇਹ ਇਕ ਵਿਲਖਣ ਗਾਇਣ ਸ਼ੈਲੀ ਹੈ, ਜਿਸ ਨੂੰ ਸਤਿਗੁਰ ਹੀ ਪ੍ਰਚਾਰ ਵਿਚ ਲਿਆਂਦਾ। ਪੜਤਾਲ ਸ਼ਬਦ ਤੋਂ ਅਰਥ ਪਰਤ ਤਾਲ ਤੇ ਪਟ ਤਾਲ ਵਰਗੇ ਭਾਵ ਕੱਢੇ ਜਾਂਦੇ ਹਨ। ਪੜਤਾਲ ਸ਼ੈਲੀ ਦੇ ਸ਼ਬਦਾਂ ਨੂੰ ਵੱਖ ਵੱਖ ਪੰਜ ਤਾਲਾਂ ਵਿਚ ਲਿੱਪੀ-ਬੱਧ (ਨੋਟੀਸ਼ਨ) ਕੀਤਾ ਜਾਂਦਾ ਹੈ। ਸਥਾਈ ਵਿਚ ਇਕ ਤਾਲ ਹੀ ਪ੍ਰੰਤੂ ਅੰਤਰਿਆਂ ਵਿਚ ਵੱਖੋ ਵੱਖਰੇ ਤਾਲਾਂ ਦਾ ਪ੍ਰਯੋਗ ਹੁੰਦਾ ਹੈ ਅਤੇ ਰਾਗ ਦਾ ਸਰੂਪ ਇਕ ਹੀ ਰਹਿੰਦਾ ਹੈ, ਜਿਸ ਵਿਚ ਗਾਇਣ ਹੋ ਰਿਹਾ ਹੈ। ਇਹ ਸ਼ੈਲੀ ਸੰਗੀਤ ਵਿਧਾਨ, ਪ੍ਰਤਿਭਾ, ਮੌਲਕਿਕ ਤਹਿਤ ਵਿਲਖਣ ਹੀ ਹੈ ਜੋ ਕਿ ਭਾਰਤੀ ਸੰਗੀਤ ਪ੍ਰਤੀ ਮਹਾਨ ਦੇਣ ਹੈ।

ਗੁਰੂ ਗ੍ਰੰਥ ਦੇ ਰਹੱਸਵਾਦੀ ਗਵਈਏ—

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਿੰਸੀਪਲ ਸਤਿਬੀਰ ਸਿੰਘ ਹੁਰਾਂ ਅਨੁਸਾਰ 36 ਅਤੇ ਪ੍ਰੋ: ਪਿਆਰਾ ਸਿੰਘ ਪਦਮ ਅਨੁਸਾਰ 37 ਮਹਾਂਪੁਰਸ਼ਾਂ ਦੀ ਬਾਣੀ ਦਰਜ ਹੈ। ਪ੍ਰਸਿਧ ਸੰਗੀਤਾਚਾਰੀਆ ਪ੍ਰੋ: ਤਾਰਾ ਸਿੰਘ ਜੀ ਅਨੁਸਾਰ ਉਪ੍ਰੋਕਤ ਸਾਰੀ ਬਾਣੀ 60 ਰਾਗਾਂ ਵਿਚ ਗੁੰਦੀ ਹੋਈ ਹੈ। ਤਤਕਰੇ ਅਨੁਸਾਰ ਇਹਨਾਂ ਰਾਗਾਂ ਦੀ ਗਿਣਤੀ 31 ਹੈ ਰਾਗਾਂ ਅਧੀਨ 29 ਹੋਰ ਰਾਗ ਵੀ ਹਨ ਜੋ ਕਿ ਆਪਣੀ ਵੱਖਰੀ ਪਹਿਚਾਣ ਸਦਕਾ ਦਰਜਾ ਰਖਦੇ ਹਨ। ਇਹਨਾਂ ਰਾਗਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ :—

| ਮੁੱਖ 31 ਰਾਗਾਂ ਦੀ ਗਿਣਤੀ | 31 ਰਾਗਾਂ ਅਧੀਨ ਹੋਰ ਰਾਗ |
|---|---|
| 1. ਰਾਗ ਸਿਰੀ | 1. ਗਾਉੜੀ ਗੁਆਰੇਰੀ |
| 2. ਰਾਗ ਮਾਝ | 2. ਗਉੜੀ ਦਖਣੀ |
| 3. ਰਾਗ ਗਉੜੀ | 3. ਗਉੜੀ ਚੇਤੀ |

4. ਰਾਗ ਆਸਾ
5. ਰਾਗ ਗੂਜਰੀ
6. ਰਾਗ ਦੇਵਗੰਧਾਰੀ
7. ਰਾਗ ਬਿਹਾਗੜਾ
8. ਰਾਗ ਵਡਹੰਸ
9. ਰਾਗ ਸੋਰਠਿ
10. ਰਾਗ ਧਨਾਸਰੀ
11. ਰਾਗ ਜੈਤਸਰੀ
12. ਰਾਗ ਟੋਡੀ
13. ਰਾਗ ਬੈਰਾੜੀ
14. ਰਾਗ ਤਿਲੰਗ
15. ਰਾਗ ਸੂਹੀ
16. ਰਾਗ ਬਿਲਾਵਲ
17. ਰਾਗ ਗੋਂਡ
18. ਰਾਗ ਰਾਮਕਲੀ
19. ਰਾਗ ਨਟ ਨਾਰਾਇਣ
20. ਰਾਗ ਮਾਲੀ ਗਉੜਾ
21. ਰਾਗ ਮਾਰੂ
22. ਰਾਗ ਤੁਖਾਰੀ
23. ਰਾਗ ਕੇਦਾਰਾ
24. ਰਾਗ ਭੈਰਉ
25. ਰਾਗ ਬਸੰਤ
26. ਰਾਗ ਸਾਰੰਗ
27. ਰਾਗ ਮਲ੍ਹਾਰ
28. ਰਾਗ ਕਾਨੜਾ
29. ਰਾਗ ਕਲਿਆਣ
30. ਰਾਗ ਪ੍ਰਭਾਤੀ
31. ਰਾਗ ਜੈਜਾਵੰਤੀ

4. ਗਉੜੀ ਬੈਰਾਗਣਿ
5. ਗਉੜੀ ਦੀਪਕੀ
6. ਗਉੜੀ ਪੂਰਬੀ ਦੀਪਕੀ
7. ਗਉੜੀ ਪੂਰਬੀ
8. ਗਉੜੀ ਮਾਝ
9. ਗਉੜੀ ਮਾਲਾ
10. ਗਉੜੀ ਮਾਲਵਾ
11. ਗਉੜੀ ਸੋਰਠਿ
12. ਆਸਾ ਕਾਫੀ
13. ਆਸਾਵਰੀ
14. ਦੇਵਗੰਧਾਰ
15. ਵਡਹੰਸ ਦਖਣੀ
16. ਤਿਲੰਗ ਕਾਫੀ
17. ਸੂਹੀ ਕਾਫੀ
18. ਸੂਹੀ ਲਲਿਤ
19. ਬਿਲਾਵਲ ਗੋਂਡ
20. ਬਿਲਾਵਲ ਦਖਣੀ
21. ਰਾਮਕਲੀ ਦਖਣੀ
22. ਨਟ
23. ਮਾਰੂ ਕਾਫੀ
24. ਮਾਰੂ ਦਖਣੀ
25. ਬਸੰਤ ਹਿੰਡੋਲ
26. ਕਲਿਆਣ ਭੂਪਾਲੀ
27. ਪ੍ਰਭਾਤੀ ਦਖਣੀ
28. ਪ੍ਰਭਾਤੀ ਬਿਭਾਸ
29. ਬਿਭਾਸ ਪ੍ਰਭਾਤੀ

ਉਪ੍ਰੋਕਤ ਖੋਜ ਤੋਂ ਇਹ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਪਣੇ ਅੰਦਰ ਸੰਗੀਤ ਦਾ ਕਿਤਨਾ ਵੱਡਾ ਖਜ਼ਾਨਾ ਸਮੋਈ ਬੈਠੇ ਹਨ। ਲੋੜ ਹੈ ਕਿ ਐਸੇ ਮਹਾਨ ਧਰਮ ਗ੍ਰੰਥ ਨੂੰ ਸੰਗੀਤ ਸ਼ਾਸਤਰੀਆਂ ਦੀ ਨਜ਼ਰ ਵਿਚ ਲਿਆਂਦਾ ਜਾਵੇ। ਖਾਸ ਕਰ ਉਹਨਾਂ ਰਾਗੀ ਸਿੰਘਾਂ ਨੂੰ ਬੇਨਤੀ ਹੈ ਜਿਹੜੇ ਕਿ ਸਤਿਗੁਰਾਂ ਦੁਆਰਾ ਦਰਸਾਈ ਗੁਰਮਤਿ-

ਸੰਗੀਤ ਪੱਧਤੀ ਨੂੰ ਅੱਖੋਂ ਪਰੋਖੇ ਕਰਕੇ ਪ੍ਰਚੱਲਤ ਟਿਊਨਾ ਜਾਂ ਫਿਲਮੀ ਗੀਤਾਂ ਦੇ ਆਧਾਰਿਤ ਸ਼ਬਦ ਕੀਰਤਨ ਕਰਦੇ ਹਨ, ਨੂੰ ਛੱਡ ਕੇ ਅੱਛੇ ਉਸਤਾਦਾਂ ਕੋਲੋਂ ਰਾਗ-ਵਿਦਿਆ ਦੀ ਤਾਲੀਮ ਹਾਸਲ ਕਰਕੇ ਰਾਗਾਂ ਅਨੁਸਾਰ ਹੀ ਗਾਉਣ ਜਿਨ੍ਹਾਂ ਵਿਚ ਗੁਰੂ ਸਾਹਿਬਾਨ ਦਾ ਹੁਕਮ ਹੈ। ਸਭਾ ਸੁਸਾਇਟੀਆਂ, ਕਮੇਟੀਆਂ ਜਾਂ ਧਾਰਮਿਕ ਸੰਸਥਾਵਾਂ ਨੂੰ ਇਕੱਠਿਆਂ ਹੋ ਕੇ ਜਾਂ ਕਿਸੇ ਇਕ ਸੰਸਥਾ ਵਲੋਂ ਗੁਰਮਤਿ-ਸੰਗੀਤ ਪੱਧਤੀ ਜਿਸ ਨੂੰ ਸਤਿਗੁਰਾਂ ਈਜਾਦ ਕੀਤਾ ਅਨੁਸਾਰ ਸੰਗੀਤ ਵਿਦਿਆਲਾ ਚਾਲੂ ਕੀਤਾ ਜਾਵੇ। ਜਿਸ ਵਿਚ ਗੁਰੂ ਗ੍ਰੰਥ ਰਾਗ ਕੋਸ਼ ਅਨੁਸਾਰ ਹੀ ਵਿਦਿਆ ਦਿੱਤੀ ਜਾਵੇ। ਇਥੋਂ ਪ੍ਰਮਾਣਤ ਰਾਗੀ ਸਿੰਘਾਂ ਨੂੰ ਹੀ ਗੁਰਦਵਾਰੇ ਸਾਹਿਬਾਨ ਵਿਚ ਸ਼ਸ਼ੋਭਤ ਕੀਤਾ ਜਾਵੇ। ਉਪ੍ਰੋਕਤ ਲੋੜ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਇਸ ਦੀ ਸਖਤ ਲੋੜ ਹੈ ਕਿਉਂਕਿ ਇਹ ਰੂਹਾਨੀ ਸੰਗੀਤਕ ਸ਼ਬਦ ਭੰਡਾਰ ਸਾਡਾ ਗੁਰੂ ਹੈ। ਇਸ ਨੇ ਪੰਜਾਬੀਅਤ ਨੂੰ ਅਥਾਹ ਸ਼ਕਤੀ ਦਿੱਤੀ ਹੈ। ਇਸ ਅੰਮ੍ਰਿਤ ਭੰਡਾਰ ਨੂੰ ਪ੍ਰਚਾਰਨ ਵਾਸਤੇ ਸਾਨੂੰ ਦਿਨ ਰਾਤ ਇਕ ਕਰ ਦੇਣੇ ਚਾਹੀਦੇ ਹਨ। ਇਹ ਸਾਡਾ ਜਰੂਰੀ ਕਰਤੱਵ ਹੈ। ਅਸੀਂ ਆਪਣੇ ਪਿਉ ਦਾਦੇ ਦੇ ਅਨਮੋਲ ਖਜ਼ਾਨੇ ਨੂੰ ਵਰਤੋਂ ਵਿਚ ਲਿਆ ਕੇ ਜੀਵਨ ਖਜ਼ਾਨੇ ਨੂੰ ਅਮੀਰੀ ਬਖਸ਼ੀਏ। ਜਿਸ ਸਦਕਾ ਅਸੀਂ ਹਰ ਪਹਿਲੂ ਵਿਚ ਤਰੱਕੀ ਕਰ ਚੜ੍ਹਦੀ ਕਲਾ ਦਾ ਜੀਵਨ ਜੀਵੀਏ।

—0—

# ਕਾਦਰ ਦੀ ਕੀਰਤੀ-ਕੀਰਤਨ

—ਬਲਵੀਰ ਸਿੰਘ ਕੰਵਲ ਇੰਗਲੈਂਡ

ਜਿਵੇਂ ਕਿ ਇਨ੍ਹਾਂ ਦੋਹਾਂ ਸ਼ਬਦਾਂ ਤੋਂ ਵੀ ਸ਼ਾਇਦ ਜਾਪਦਾ ਹੈ, ਸੁਰ ਅਤੇ ਈਸ਼ਵਰ ਦਾ ਆਪਸ ਵਿਚ ਕਾਫੀ ਸਨੇਹ ਅਤੇ ਨਾਤਾ ਹੈ। ਸੁਰ ਵਿਚ ਹੀ ਤਾਂ ਈਸ਼ਵਰ ਵਸਦਾ ਹੈ। ਏਸੇ ਲਈ ਸੰਗੀਤ ਨੂੰ ਕਈ ਕਈ ਵੇਰ ਈਸ਼ਵਰ ਭਗਤੀ ਦਾ ਇਕ ਸਾਧਨ ਮੰਨਿਆ ਜਾਦਾ ਹੈ।

ਜਿਹੜੇ ਰਾਗੀ, ਉਸ ਸਿਰਜਨਹਾਰ ਦੀ ਸਿਫਤ ਗਾਉਂਦੇ ਹਨ, ਕਾਦਰ ਦੀ ਕੀਰਤੀ ਕਰਦੇ ਹਨ, ਉਨ੍ਹਾਂ ਨੂੰ ਕੀਰਤਨਕਾਰ ਆਖਿਆ ਜਾਂਦਾ ਹੈ। ਕਿਉਂਕਿ ਈਸ਼ਵਰ ਦੀ ਉਸਤਤੀ ਸਮੇਂ ਆਮ ਤੌਰ ਤੇ ਉਹ ਰਬਾਬ ਵੀ ਨਾਲ ਵਜਾਉਂਦੇ ਸਨ, ਇਸ ਲਈ ਉਨ੍ਹਾਂ ਨੂੰ ਰਬਾਬੀ ਵੀ ਕਿਹਾ ਜਾਂਦਾ ਹੈ। ਉਂਜ ਜਿਹੜੀ ਦਫ ਮੀਆਂ ਤਾਨ ਸੈਨ ਦੀ ਸਪੁਤਰੀ ਵਲੋਂ ਚਲੀ, ਉਹ ਬੀਨਕਾਰ ਅਖਵਾਉਂਦੀ ਸੀ, ਪਰ ਜਿਹੜੀ ਉਸਦੇ ਪੁਤਰਾਂ ਵਲੋਂ ਚਲੀ, ਆਪਣੇ ਆਪ ਨੂੰ ਉਹ ਵੀ ਉਂਜ ਰਬਾਬੀ ਅਖਵਾਉਂਦੇ ਸਨ। ਹੁਣ ਤੱਕ ਤਾਂ ਕੁਝ ਇਸ ਤਰਾਂ ਲਗਦਾ ਰਿਹਾ ਹੈ ਜਿਵੇਂ ਉਨ੍ਹਾਂ ਰਬਾਬੀਆਂ ਦਾ ਕੀਰਤਨ ਕਾਰ ਰਬਾਬੀਆਂ ਨਾਲ ਕੋਈ ਸਬੰਧ ਨਾ ਹੋਵੇ ਪਰ ਪਿਛੇ ਜਿਹੇ ਫਾਰਸੀ ਦੇ ਇਕ ਸਮਕਾਲੀ ਸੂਤ ਵਿਚੋਂ ਕਰਤਾ ਨੂੰ ਲੱਭ ਇਕ ਅਦੁੱਤੀ ਚਿਤ੍ਰ (ਜਿਸ ਵਿਚ ਭਾਈ ਮਰਦਾਨਾ ਜੀ ਦੇ ਸਾਹਮਣੇ ਸੁਆਮੀ ਹਰੀ ਦਾਸ ਬੈਠੇ ਦਿਖਾਈ ਦੇ ਰਹੇ ਹਨ) ਨੂੰ ਵੇਖ ਕੇ ਮਨ ਇਹ ਸੋਚਣ ਵਲ ਸੁਭਾਕੇ ਹੀ ਚਲਾ ਜਾਂਦਾ ਹੈ ਕਿ ਖਬਰ ਤਾਨਸੈਨ ਨੇ ਦੋਹਾਂ ਦਫਾਂ ਦੇ ਨਾਮੀ ਕਰਨ ਸਮੇਂ, ਭਾਈ ਮਰਦਾਨਾ ਜੀ ਦਾ ਰਿਣ ਚੁਕਾਉਣ ਲਈ ਹੀ ਇਵੇਂ ਕੀਤਾ ਹੋਵੇ।

ਸਿੱਖ ਧਰਮ ਫਿਲਾਸਫੀ ਅਨੁਸਾਰ, ਕੀਰਤਨ ਨੂੰ ਬਹੁਤ ਉੱਚਾ ਅਸਥਾਨ ਪ੍ਰਾਪਤ ਹੈ। ਇਸ ਨੂੰ 'ਨਿਰਮੋਲਕ ਹੀਰਾ' ਆਖਿਆ ਅਤੇ "ਕਲਿਜੁਗ ਮਹਿ ਕੀਰਤਨ ਪ੍ਰਧਾਨਾ" ਮੰਨਿਆ ਗਿਆ ਹੈ। ਜਿਸ ਥਾਂ ਕੀਰਤਨ ਹੁੰਦਾ ਹੈ, ਉਹ ਥਾਂ ਹੀ ਬੜਾ ਉੱਚਾ ਸੁੱਚਾ ਹੈ, ਸੁਹਾਵਾ ਹੈ, ਸੁਰੰਗੜਾ ਹੈ, "ਤਹਾ ਬੈਕੁੰਠ ਜਹ ਕੀਰਤਨ ਤੇਰਾ।" ਕੀਰਤਨ ਇਕ ਮੁਕਤੀ ਦਾ ਸਾਧਨ ਵੀ ਹੈ, "ਕਰਿ ਕੀਰਤਨ ਹੋਇ ਉਧਾਰ"।

ਇਕ ਵੇਰ ਜਦੋਂ ਝਾਙੂ, ਮੁਕੰਦ ਅਤੇ ਕਿਦਾਰਾ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਏ ਤਾਂ ਆਖਣ ਲੱਗੇ, "ਗਰੀਬ ਨਿਵਾਜ ਜੀ, ਸਾਡਾ ਉਧਾਰ ਕਿਉਂ ਕਰ ਹੋਵੇ?" ਤਾਂ ਸਤਿਗੁਰਾਂ ਨੇ ਅਗੋਂ ਬਚਨ ਕੀਤਾ, ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਯੁਗ ਵਿਚ ਕੀਰਤਨ ਦੇ ਸਮਾਨ ਕੋਈ ਹੋਰ ਯੋਗ ਤਪ ਨਹੀਂ। ਏਹੋ ਸਾਂਤਕ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ (ਭਗਤ ਰਤਨਾਵਲੀ-ਪਉੜੀ 14)

ਕੀਰਤਨ ਸਾਡੀ ਲਿਵ ਨੂੰ ਪ੍ਰਭੂ ਚਰਨਾਂ ਨਾਲ ਜੋੜਦਾ ਹੈ, ਇਸ ਲਈ ਇਸਦਾ ਦਰਜਾ ਸਰਬੋਤਮ ਹੈ। ਏਹੀ ਕਾਰਨ ਸੀ ਕਿ ਸਾਡੇ ਗੁਰੂ ਸਾਹਿਬਾਨ ਨੇ, ਜਿਹੜੇ ਸੰਗੀਤ

ਦੇ ਮਹਾਨ ਪੰਡਿਤ ਅਤੇ ਪਾਰਖੂ ਸਨ, ਬਾਣੀ ਦੀ ਰਚਨਾ ਰਾਗਾਂ ਵਿਚ ਕੀਤੀ ਅਤੇ ਆਪਣੇ ਆਪਣੇ ਦਰਬਾਰ ਵਿਚ ਉਨ੍ਹਾਂ ਨੇ ਵੱਡੇ ਵੱਡੇ ਰਬਾਬੀ/ਰਾਗੀ ਵੀ ਰੱਖੇ ਹੋਏ ਸਨ।

ਪੁਰਾਣੀਆਂ ਬੁੜ੍ਹੀਆਂ ਦਾਣਾ ਫੱਕਾ ਛੱਜਾਂ ਵਿਚ ਕਲਾਉਂਦੀਆਂ ਹੁੰਦੀਆਂ ਸਨ। ਉਸਤਾਦ ਅਤੇ ਪੰਡਿਤ ਲੋਕ, ਰਾਗ ਨੂੰ ਜਿਹੜੇ ਕਲਾ ਕਲਾ ਕੇ ਗਾਉਣ ਲੱਗੇ, ਉਹ ਕਲੌਂਤ ਅਖਵਾਉਣ ਲਗ ਪਏ। ਸਾਡੇ ਸ਼ਾਸਤ੍ਰੀ ਸੰਗੀਤ ਵਿਚ ਉਨ੍ਹਾਂ ਨੂੰ ਸਰਬੋਤਮ ਦਰਜ਼ਾ ਪ੍ਰਾਪਤ ਹੈ। ਉਨ੍ਹਾਂ ਤੋਂ ਛੁੱਟ ਜਿਹੜੇ ਰਬਾਬ ਜਾਂ ਦਿਲਰੁਬਾ/ ਤਾਊਸ ਲੈ ਕੇ ਗੁਰੂ ਜਾਂ ਅੱਲਾ ਦਾ ਜਸ ਗਾਉਣ ਲਗੇ, ਉਨ੍ਹਾਂ ਨੂੰ ਰਬਾਬੀ ਕਿਹਾ ਜਾਣ ਲੱਗ ਪਿਆ ਇਹ ਲੋਕ ਗਾਉਣ ਸਮੇਂ ਰਾਗ ਦੀ ਪ੍ਰਕਿਰਤੀ ਜਾਂ ਆਕਾਰ ਦਾ ਖਿਆਲ ਤਾਂ ਰਖਦੇ ਪਰ ਇਸ ਦੀਆਂ ਬਹੁਤੀਆਂ ਬਰੀਕੀਆਂ ਵਲ ਜਾਣ ਦੀ ਬਜਾਏ ਸਿਧ ਪਧਰਾ ਗਾਉਂਦੇ ਤਾਂ ਜੋ ਸਰੋਤਿਆਂ ਨੂੰ ਗੁਰ ਸ਼ਬਦ ਪੂਰਾ ਪੂਰਾ ਸਮਝ ਪੈਂਦਾ ਰਹੇ। ਅਸਲ 'ਚ ਇਹ ਲੋਕ ਸੀਨਾ ਬਸੀਨਾ ਚਲਦੀਆਂ ਆ ਰਹੀਆਂ ਪੁਰਾਤਨ ਸ਼ਬਦ ਰੀਤਾਂ ਗਾਉ ਦੇ ਸਨ।

ਇਨ੍ਹਾਂ ਰਬਾਬੀਆਂ ਦੇ ਸਿਰਤਾਜ ਭਾਈ ਮਰਦਾਨਾ ਸਨ। ਇਹ ਤੋਰਾ ਉਨ੍ਹਾਂ ਤੋਂ ਹੀ ਤੁਰਿਆ ਉਸਦੇ ਪਿਛੋਂ ਵੀ ਕਈ ਰਬਾਬੀ ਹੋਏ, ਪਰ ਗੁਰੂ ਅਰਜਨ ਦੇਵ ਜੀ ਦੇ ਦਰਬਾਰੀ ਰਾਗੀ ਸੱਤਾ ਅਤੇ ਬਲਵੰਡ ਨੇ ਬਹੁਤ ਨਾਂ ਖੱਟਿਆ ਉਨ੍ਹਾਂ ਤੋਂ ਛੁੱਟ, ਝਾਡੂ, ਮੁਕੰਦ ਅਤੇ ਕਿਦਾਰਾ ਵੀ ਉਸ ਦੌਰ ਦੇ ਪ੍ਰਸਿੱਧ ਰਬਾਬੀ ਸਨ। ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਦਰਬਾਰ ਵਿਚ ਵੀ ਕੀਰਤਪੁਰ ਵਿਖੇ ਕੁਝ ਕੁ ਚੰਗੇ ਰਾਗੀ ਰਬਾਬੀ ਸਨ, ਜਿਨ੍ਹਾਂ ਵਿਚੋਂ ਪਰਸ ਰਾਮ ਜੀ ਦਾ ਜਥਾ ਪ੍ਰਸਿੱਧ ਸੀ।

ਬੜੇ ਹਿਰਖ ਜਿਹੇ ਦੀ ਗੱਲ ਹੀ ਤਾਂ ਹੈ ਕਿ ਬਤੌਰ ਆਲਮਾਂ ਦੇ ਅਸੀਂ ਕੀਰਤਨ ਸਰੋਤਿਆਂ ਨੂੰ ਇਸ ਪੱਖੋਂ ਸਿਖਸ਼ਿਤ ਕਰਨਾ ਤਾਂ ਕੀ, ਉਨ੍ਹਾਂ ਦੇ ਦਿਲਾਂ ਵਿਚ 'ਰਬਾਬੀ' ਦੀ ਮਹੱਤਤਾ ਜਾਂ ਮੁਕਾਮ ਬਾਰੇ ਹਾਲੇ ਤੱਕ ਵੀ ਨਹੀਂ ਦੱਸ ਸਕੇ। ਸਿਖ ਰਾਜ ਸਮੇਂ ਭਾਈ ਅਮੀਰ ਰਬਾਬੀ, ਜਿਹੜਾ ਮਰਦਾਨਾ ਦੇ ਗੁਰੂ ਭਾਈ ਫਰਿੰਦਾ ਦੀ ਸਿੱਧੀ ਸੰਤਾਨ ਵਿਚੋਂ ਸੀ, ਨੂੰ ਰਾਜ ਦਰਬਾਰ ਵਿਚ ਇਕ ਬੜਾ ਉਚਾ ਮੁਕਾਮ ਹਾਸਲ ਸੀ। ਦਰਬਾਰੀ ਰਬਾਬੀ ਤਾਂ ਉਹ ਸੀ ਹੀ, ਮਹਾਰਾਜਾ ਸ਼ੇਰ ਸਿੰਘ ਸਮੇਂ ਵੀ ਉਸ ਨੂੰ ਅੰਦਰੂਨੀ ਡਿਓੜੀ ਦਾਰ ਬਣਾਇਆ ਗਿਆ ਸੀ, ਜਿਸਦਾ ਰੁਤਬਾ ਇਕ ਵਜ਼ੀਰ ਦੇ ਬਰਾਬਰ ਸੀ। ਕਰਤਾ ਦੇ ਸੰਗ੍ਰਹਿ ਵਿਚ ਉਸਦਾ ਵੀ ਇਕ ਅਦੁਤੀ ਚਿਤ੍ਰ ਹੈ। ਜਿਸ ਵਿਚ ਉਹ ਢਾਲ ਤਲਵਾਰ ਨਾਲ ਲੈਸ ਹੈ। ਸਿਖ ਰਾਜ ਦੇ ਖਾਤਮੇ ਸਮੇਂ ਆਪ ਸ੍ਰੀ ਆਨੰਦਪੁਰ ਆ ਗਏ ਸਨ, ਜਿਥੋਂ ਫਿਰ ਉਹ ਪਟਿਆਲਾ ਆ ਗਏ। ਇਹ ਉਹ ਮੁਕਾਮ ਹੈ ਜਿਥੋਂ ਪਟਿਆਲਾ ਘਰਾਣੇ ਦੀ ਵਾਦਨ ਪ੍ਰੰਪਰਾ ਦਾ ਮੁੱਢ ਬੱਝਦਾ ਹੈ। ਅਗੋਂ ਭਾਈ ਮਹਿਬੂਬ ਅਲੀ ਉਰਫ ਬੂਬਾ ਰਬਾਬੀ, ਜਿਸਦੀ ਟੱਕਰ ਦਾ ਲਗ ਪਗ ਅੱਧੀ ਸਦੀ ਸਾਰੇ ਭਾਰਤ ਵੀਣਾ ਅਤੇ ਸਿਤਾਰ ਵਾਦਕ ਹੋਰ ਕੋਈ ਨਹੀਂ ਸੀ ਉਸਦਾ ਹੀ ਪੁੱਤਰ ਸੀ। ਸਿਖ ਰਾਜ ਸਮੇਂ ਹੀ ਭਾਈ ਮਨਸ਼ਾ ਸਿੰਘ ਨੇ ਵੀ ਬੜਾ ਨਾਂ ਖਟਿਆ। ਉਸ ਸਮੇਂ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਉਹ ਸਨ।

ਅੰਮ੍ਰਿਤਸਰ ਵਾਲੇ ਮਹੰਤ ਸ਼ਾਮ ਸਿੰਘ ਅਡਨ ਸ਼ਾਹੀ, ਦਰਬਾਰ ਸਾਹਿਬ ਵਿਖੇ ਲਗ ਪਗ ਸੱਤਰ ਵਰ੍ਹੇ ਕੀਰਤਨ ਕਰਦੇ ਰਹੇ। ਉਹ ਨਾਲ ਸਾਰੰਦਾ ਵੀ ਵਜਾਉਂਦੇ ਸਨ ਅਤੇ 123 ਸਾਲ (1803 – 1926) ਦੀ ਦੀਰਘ ਉਮਰ ਤੱਕ ਜੀਵਤ ਰਹੇ। ਗੁਰੂ ਕੀ ਨਗਰੀ ਦੇ ਹੀ ਇਕ ਬੜੇ ਸਿਆਣੇ ਬਜ਼ੁਰਗ ਸ੍ਰੀ ਟੀ. ਸੀ. ਨਾਗਪਾਲ, ਜਿਹੜੇ ਉਸ ਸਮੇਂ ਸ਼ਮਸ਼ਾਨ ਚਾਟੀ ਵਿੰਡ, ਉਨ੍ਹਾਂ ਦੀ ਅਰਥੀ ਨਾਲ ਗਏ ਸਨ, ਦੱਸਦੇ ਹਨ ਕਿ ਉਨ੍ਹਾਂ ਦਾ ਸਸਕਾਰ ਚੰਦਨ ਦੀਆਂ ਲੱਕੜਾਂ ਨਾਲ ਹੋਇਆ ਸੀ ਅਤੇ ਕਈ ਮਣਾਂ ਬੱਧੀ ਫੁੱਲ ਉਨ੍ਹਾਂ ਦੀ ਅਰਥੀ ਤੋਂ ਨਿਛਾਵਰ ਹੋਏ ਸਨ।

ਮਹੰਤ ਗੱਜਾ ਸਿੰਘ ਪਟਿਆਲਾ ਵਾਲੇ ਵੀ ਸੰਗੀਤ ਦੇ ਬੜੇ ਸਿਆਣੇ ਸਨ। ਦਿਲਰੁਬਾ ਵਜਾਉਂਦੇ। ਕਿ ਕੀ ਗੱਲਾਂ। ਦਿਲ ਕਰਦਾ ਕਿ ਸੁਣੀ ਹੀ ਜਾਈਏ। ਮੈਕਾਲਿਫ ਉਨ੍ਹਾਂ ਨੂੰ ਸਿੱਖਾਂ ਦਾ ਸਭ ਤੋਂ ਸਰੇਸ਼ਟ ਸੰਗੀਤਕਾਰ ਮੰਨਦਾ ਸੀ। ਭਾਈ ਕਾਨ੍ਹ ਸਿੰਘ ਨਾਭਾ, ਭਾਈ ਮਸਤਾਨ ਸਿੰਘ ਅਤੇ ਦਿਆਲ ਸਿੰਘ ਕੈਰੋਂ, ਉਨ੍ਹਾਂ ਦੇ ਕੁਝ ਕੁ ਸ਼ਗਿਰਦ ਸਨ। ਮਸਤਾਨ ਸਿੰਘ ਦਾ ਪਹਿਲਾਂ ਨਾਂ ਜੀਵਨ ਸਿੰਘ ਸੀ, ਪਰ ਕਿਉਂਕਿ ਆਪ ਨਾਮ ਧਾਰੀ ਗੁਰੂ ਸਤਿਗੁਰ ਪ੍ਰਤਾਪ ਸਿੰਘ ਪਾਸ ਆ ਕੇ ਬੜੇ ਪ੍ਰੇਮ ਨਾਲ ਦਿਲਰੁਬਾ ਸੁਣੌਂਦੇ ਅਤੇ ਮਸਤੀ ਵਿਚ ਆ ਜਾਂਦੇ ਇਸ ਕਰਕੇ ਆਪਦਾ ਨਾਂ 'ਮਸਤਾਨ ਸਿੰਘ' ਪ੍ਰਸਿੱਧ ਹੋ ਗਿਆ।

ਭਾਈ ਮੋਤੀ, ਭਾਈ ਲਾਲ, ਭਾਈ ਤਾਬਾ ਅਤੇ ਭਾਈ ਚਾਂਦ ਇਸ ਦੌਰ ਦੀਆ ਪ੍ਰਸਿੱਧ ਹਸਤੀਆਂ ਸਨ। ਇਨ੍ਹਾਂ ਵਿਚੋਂ ਭਾਈ ਚਾਂਦ ਰਬਾਬੀ ਪ੍ਰੰਪਰਾ ਦੇ ਆਖਰੀ ਥੰਮ ਸਨ। ਉਨ੍ਹਾਂ ਦੇ ਇਕ ਪਰਮ ਮਿੱਤ੍ਰ ਸ੍ਰੀ ਟੀ. ਸੀ. ਨਾਗਪਾਲ ਦੇ ਕਥਨ ਅਨੁਸਾਰ .

ਐ ਚਾਂਦ, ਭਾਈ ਚਾਂਦ, ਤੇਰੀ ਰੌਸ਼ਨੀ ਕਿਆ ਅਜਬ ਥੀ ?

ਕੋਇਲ ਭੀ ਸ਼ਰਮਿੰਦਾ ਥੀ, ਗੁਲੁਕਾਰੀ ਤੇਰੀ ਗਜਬ ਥੀ! 1933 ਦੇ ਅੱਸੂ ਵਿਚ ਭੈਣੀ ਸਾਹਿਬ ਵਿਖੇ ਨਾਮ ਧਾਰੀ ਸਤਿਗੁਰਾਂ ਨੇ ਇਕ ਬੜਾ ਵੱਡਾ ਕੀਰਤਨ ਦਰਬਾਰ ਕਰਵਾਇਆ ਜਿਸ ਵਿਚ ਸ਼ਰਤ ਇਹ ਸੀ ਕਿ ਕੀਰਤਨ ਕੇਵਲ ਕਿਸੇ ਵੀ ਤੰਤੀ ਸਾਜ਼ ਨਾਲ ਹੀ ਕਰਨਾ ਹੈ। ਭਾਈ ਹਰਨਾਮ ਸਿੰਘ ਠੱਠੇ। ਟਿੱਬਾ (ਕਪੂਰਥਲਾ) ਵਾਲਿਆਂ ਓਥੇ, 'ਨਰਾਇਣ ਨਰ ਮਤ ਨਮਸਕਾਰੇ, ਐਸੇ ਗੁਰ ਕੋ ਬਲ ਬਲ ਜਾਈਏ', ਤਾਊਸ ਨਾਲ ਦਰਬਾਰੀ ਕਾਨ੍ਹੜਾ ਗਾਇਨ ਕੀਤਾ ਤਾਂ ਸੰਗੀਤ ਮੁਕਾਬਲੇ ਵਿਚੋਂ ਪੰਜਾਬ ਭਰ ਦੇ ਪਹਿਲੇ ਦਰਜੇ ਤੇ ਆ ਗਏ ਜਦ ਕਿ ਦੂਜਾ ਇਨਾਮ ਭਾਈ ਲਾਲ ਨੇ ਪ੍ਰਾਪਤ ਕੀਤਾ ਸੀ। ਇਨਾਮ ਵਜੋਂ ਭਾਈ ਸਾਹਿਬ ਨੂੰ ਇਕ ਘੋੜੀ ਦਿੱਤੀ ਗਈ ਸੀ। ਭਾਈ ਸੁੰਦਰ ਸਿੰਘ ਅੰਮ੍ਰਿਤਸਰ ਵਾਲੇ ਜਿਹੜੇ ਭਾਈ ਮੋਤੀ ਦੇ ਸ਼ਾਗਿਰਦ ਸਨ, ਉਨ੍ਹਾਂ ਵਰਗਾ ਰਸ ਵੀ ਹੁਣ ਕਿਥੇ ਹੈ।

ਭਾਈ ਜਵੰਦ ਸਿੰਘ ਮਹਿਰਾ ਫੀਰੋਜ਼ਪੁਰ ਐਨਾ ਮਿੱਠਾ ਗਾਉਂਦੇ ਕਿ ਗੁਰੂ ਚਰਨਾਂ ਵਿਚ ਲਿਵ ਜੁੜ ਜਾਂਦੀ। ਉਨ੍ਹਾਂ ਬਾਰੇ ਮਸ਼ਹੂਰ ਹੈ ਕਿ ਕੀਰਤਨ ਸਮੇਂ ਸਰੋਤਿਆਂ ਨੂੰ

ਜਾਣੋ ਗੁਰੂ ਨਾਨਕ ਦੇਵ ਜੀ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਸਨ। ਉਹ ਬਹੁਤ ਤਕੜੇ ਬੁਲਾਰੇ ਵੀ ਸਨ। ਹੀਰਾ ਸਿੰਘ ਭਾਗ ਸਿੰਘ ਫਰੂਕਾ ਵਾਲੇ ਵੀ ਜਦੋਂ ਬਿਆਨ ਕਰਦੇ ਤਾਂ ਨਸ਼ੇ ਆ ਜਾਂਦੇ ਸਨ। ਉਹ ਵੀ ਬੜੇ ਜ਼ਬਰਦਸਤ ਕਥਨੀਏ ਸਨ।

ਜਿਥੇ ਉਪਰੋਕਤ ਰਾਗੀ ਰਬਾਬੀ, ਮਿੱਠਾ ਰਸ–ਭਿੰਨਾਂ ਕੀਰਤਨ ਕਰਦੇ ਸਨ, ਓਥੇ ਸਰਮੁਖ ਸਿੰਘ ਕੱਟਾ ਪਿੰਡ ਮਹਾਵਾ (ਅਟਾਰੀ ਲਾਗੇ) ਦਾ ਕੀਰਤਨ ਧਰਤੀ ਪੱਟ ਸੀ। ਨੱਥਾ, ਕਥਾ, ਤਾਨਾ ਅਤੇ ਹਜ਼ੂਰਾ ਸਿੰਘ ਬੜੇ ਬੜੇ ਸਥੂਲ ਸਰੀਰਾਂ ਅਤੇ ਪਹਿਲ-ਵਾਨੀ ਜੁੱਸਿਆਂ ਦੇ ਮਾਲਿਕ ਸਨ। ਜਿਧਰੋਂ ਦੀ ਲੰਘਦੇ, ਦੁਨੀਆਂ ਤੱਕਦੀ ਰਹਿ ਜਾਂਦੀ ਅਤੇ ਜਦੋਂ ਗਾਉਂਦੇ ਤਾਂ ਸਰੋਤੇ ਸੁਣਨੋ ਨਾ ਅੱਕਦੇ। ਨਾਲ ਨਾਲ ਉਹ ਰਬਾਬ ਨੂੰ ਵੀ ਛੇੜਦੇ। ਉਨ੍ਹਾਂ ਦੇ ਰਿਸ਼ਟ ਪੁਸ਼ਟ ਸਰੀਰ ਵੇਖ ਕੇ ਕੋਈ ਤਾਂਗਾਵਾਨ, ਉਨ੍ਹਾਂ ਚੌਹਾਂ ਭਰਾਵਾਂ ਨੂੰ ਤਾਂ ਕੀ, ਦੋ ਨੂੰ ਵੀ ਆਪਣੇ ਤਾਂਗੇ ਵਿੱਚ ਨਾ ਬਿਠਾਉਂਦਾ। ਆਮ ਤੌਰ ਤੇ ਉਹ ਨਨਕਾਣਾ ਸਾਹਿਬ ਵਿਖੇ ਰਹਿੰਦੇ ਸਨ।

ਸੈਦਪੁਰ (ਕਪੂਰਥਲਾ) ਵਾਲੇ ਭਾਈ ਜੁਆਲਾ ਸਿੰਘ ਵੀ ਬਹੁਤ ਚੰਗੀ ਰਾਗਦਾਰੀ ਦੇ ਮਾਲਿਕ ਸਨ, ਪਰ ਇਸ ਨਾਲੋਂ ਵੀ ਵਧ ਪੁਰਾਤਨ ਸ਼ਬਦ ਰੀਤਾਂ ਦਾ ਭੰਡਾਰ ਸਨ ਅਤੇ ਬਾਣੀ ਸ਼ੁਧ ਪੜ੍ਹਦੇ ਸਨ। ਸੁਧ ਸਿੰਘ, ਪ੍ਰਧਾਨ ਸਿੰਘ ਅਤੇ ਭਾਈ ਚੇਲਾ ਰਾਮ ਸਿੰਧੀ ਹੋਰਾਂ ਦੇ ਜਥੇ ਵੀ ਕਾਫੀ ਪ੍ਰਸਿੱਧੀ ਰਖਦੇ ਸਨ। ਭਾਈ ਪ੍ਰਤਾਪ ਸਿੰਘ ਧਰਮਕੋਟ ਵਾਲੇ ਵੀ ਬੜੇ ਵਡੇ ਅਲਾਪੀਏ ਸਨ ਅਤੇ ਗਲਾ ਵੀ ਕਾਫੀ ਗੇੜਦੇ ਸਨ। ਹੁਣ ਦੇ ਦੌਰ ਵਿਚ ਭਾਈ ਸਮੁੰਦ ਸਿੰਘ, ਭਾਈ ਸੰਤਾ ਸਿੰਘ ਅਤੇ ਗੁਰਮੁਖ ਸਿੰਘ ਫੱਕਰ ਆਦਿ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।

ਉਪਰੋਕਤ ਦਰਜ ਕੀਤੇ ਗਏ ਕੀਰਤਨਕਾਰਾਂ ਵਿਚੋਂ, ਭਾਵੇਂ ਕੋਈ ਰਾਗੀ ਸੀ, ਜਾਂ ਰਬਾਬੀ, ਇਨ੍ਹਾਂ ਵਿਚੋਂ ਕੁਝ ਕੁ ਐਸੇ ਵੀ ਹੋਏ ਹਨ, ਜਿਹੜੇ ਚੰਗੇ ਕਲੌਤੀਆਂ ਦੇ ਬਰਾਬਰ ਸਨ। ਮਿਸਾਲ ਵਜੋਂ ਕਰਨੈਲ ਸਾਹਿਬ ਦੇ ਪ੍ਰਸਿੱਧ ਸ਼ਾਗਿਰਦ ਭਾਈ ਅਰੂੜਾ।

ਇਨ੍ਹਾਂ ਰਬਾਬੀਆਂ ਦੀ ਸਾਡੇ ਦੇਸ਼ ਵਿਚ ਤਾਂ ਵਾਹਵਾ ਸੱਦ ਪੁੱਛ ਹੁੰਦੀ ਰਹੀ ਜਾਂ ਇੰਝ ਕਹਿ ਲਓ ਕਿ ਕਿਸੇ ਨ ਕਿਸੇ ਤਰਾਂ ਉਹ ਆਪਣਾ ਸਮਾਂ ਬਿਤਾਉਂਦੇ ਰਹੇ, ਪਰ ਜਿਹੜੇ ਮਰਦਾਨੇ ਕਿ ਪਾਕਿਸਤਾਨ ਚਲੇ ਗਏ, ਉਨ੍ਹਾਂ ਦੀ ਓਥੇ ਜਾ ਕੇ ਬੜੀ ਭੈੜੀ ਹਾਲਤ ਹੋਈ ਇਥੋਂ ਤੱਕ ਕਿ ਕੀਰਤਨ ਦੇ ਚਾਨਣ ਮੁਨਾਰੇ ਭਾਈ ਚਾਂਦ ਵਰਗੇ ਰਬਾਬੀ ਨੂੰ ਵੀ ਪੇਟ ਪਾਲਣ ਲਈ ਰੇੜ੍ਹੀਆਂ ਲਾਉਂਣੀਆਂ ਪਈਆਂ ਅਤੇ ਆਖਿਰ ਤਪਦਿਕ ਦਾ ਮਰੀਜ਼ ਹੋ ਕੇ ਮਰ ਗਏ। ਰੋਟੀ ਰਾਮ ਵਾਸਤੇ ਕੁਝ ਉਨ੍ਹਾਂ ਨੂੰ ਓਥੇ ਦੀ ਫਿਲਮ ਇੰਡਸਟਰੀ ਵਿਚ ਖਪਣਾ ਪਿਆ।

ਸਮੇਂ ਸਮੇਂ ਸਿਰ ਪੰਜਾਬ ਦੇ ਇਕ ਦੋ ਚਿੰਤਕਾਂ ਨੇ ਇਹ ਆਵਾਜ਼ ਉਚੀ ਉਠਾਈ ਹੈ ਕਿ ਹਾਲੇ ਵੀ ਆਪਣੇ ਐਨ ਅਮੀਰ ਵਿਰਸੇ ਨੂੰ ਕਿਸੇ ਨਾ ਕਿਸੇ ਤਰਾਂ ਸਾਂਭ ਲਓ ਪਰ ਅਫਸੋਸ ਇਸ ਪਾਸੇ ਹਾਲੇ ਤੱਕ ਕੋਈ ਧਿਆਨ ਨਹੀਂ ਦਿੱਤਾ ਗਿਆ। ਸਾਡੇ ਵਿਚੋਂ

ਅੱਜ ਵੀ ਕਿੰਨੇ ਕੁ ਹਨ ਜਿਹੜੇ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਵਰਗੇ ਦਬੰਗ ਗਲੇ ਬਾਜ਼ਾਂ ਦੀ ਗਾਇਕੀ ਮਾਣਦੇ ਹਨ।

ਇਨ੍ਹਾਂ ਸਤਰਾਂ ਦੇ ਲੇਖਕ ਨੇ ਪੰਜਾਬ ਦੇ ਸੰਗੀਤ ਸਬੰਧੀ ਮਾੜਾ ਪਤਲਾ ਜੋ ਤਿਲ ਫੁਲ ਵੀ ਇਕੱਠਾ ਕੀਤਾ ਹੈ, ਉਸ ਨੂੰ ਜਲੰਧਰ ਜਾਂ ਲੁਧਿਆਣਾ ਵਿਖੇ ਪੰਜਾਬ ਹੈਰੀਟੇਜ ਮਿਊਜ਼ੀਅਮ ਬਣਾ ਕੇ ਸਾਂਭਣ ਦੇ ਯਤਨ ਵਿਚ ਹਾਂ । ਪੰਜਾਬੀਅਤ ਨਾਲ ਸਬੰਧਤ ਲੱਭਤਾਂ ਤੇ ਆਪਣੀ ਜੇਬੋਂ ਹੁਣ ਤੱਕ ਚਾਰ ਲਖ ਰੁਪਿਆ ਲਾ ਚੁੱਕਾ ਹਾਂ। ਤੁਹਾਡੇ ਕੋਲ ਜੇਕਰ ਕੀਰਤਨ ਜਾਂ ਪੰਜਾਬ ਦੇ ਸੰਗੀਤ ਸਬੰਧੀ ਕੋਈ ਅਦੁੱਤੀ ਖਰੜਾ, ਕਿਤਾਬ, ਤਸਵੀਰ ਜਾਂ ਪੁਰਾਤਨ ਤਵਾ ਹੋਵੇ ਤਾਂ ਸਿੱਧਾ ਮੇਰੇ ਨਾਲ ਜਾਂ ਇਸ ਪਤੇ ਤੇ ਸੰਪਰਕ ਪੈਦਾ ਕਰੋ :

S. Gurdial Singh Lally, V. & P. O. Nangal Shama
Distt. Jullundur-India

S. Balbir Singh Kanwal 2-Albert Road ICFORD-Essex U.K.

—0—

# ਸੁਰ ਸਾਧਨ ਦੇ ਨਿਯਮ

— ਸੰਤ ਸਰਵਨ ਸਿੰਘ ਗੰਧਰਬ ਡੁਮੇਲੀ ਵਾਲੇ

1. ਸੁਰ ਨੂੰ ਬੜੀ ਧੀਮੀ ਆਵਾਜ਼ ਨਾਲ ਗਲੇ ਚੋਂ ਕਢਣਾ ਚਾਹੀਦਾ ਹੈ ਅਤੇ ਆਵਾਜ਼ ਨੂੰ 'ਸਾ' ਸੁਰ ਨਾਲ ਮਿਲਾਉਣ ਦਾ ਜਤਨ ਕਰਨਾ ਚਾਹੀਦਾ ਹੈ।

2. 'ਸਾ' ਬੋਲਣ ਸਮੇਂ ਆਪਣੇ ਸਾਹ ਨੂੰ ਲੰਮਾਂ ਖਿੱਚ ਕੇ ਪੂਰੀ ਤਰ੍ਹਾਂ ਭਰ ਲੈਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਆਵਾਜ਼ ਰਾਹੀਂ ਸਾਹ (ਰਗ) ਨੂੰ ਛੱਡਣਾ ਚਾਹੀਦਾ ਹੈ। ਜਿੰਨੀ ਦੇਰ ਤਕ ਸਾਹ ਖ਼ਤਮ ਨਾ ਹੋਵੇ ਓਨੀ ਦੇਰ ਤਕ ਆਵਾਜ਼ ਕਢਦੇ ਰਹਿਣਾ ਹੈ। ਖਿਆਲ ਰਹੇ ਕਿ ਆਵਾਜ਼ ਅਡੋਲ ਅਤੇ ਸਾਫ਼ ਹੋਣੀ ਚਾਹੀਦੀ ਹੈ।

3. ਗਾਇਕ ਦਾ ਸਾਹ ਵਧ ਤੋਂ ਵਧ ਲੰਮਾ ਹੋਣਾ ਚਾਹੀਦਾ ਹੈ। ਗਾਇਕ ਆਪਣਾ ਸਾਹ (ਦਮ) ਜਿੰਨਾ ਲੰਮਾ ਕਰੇਗਾ ਓਨਾ ਹੀ ਸੰਗੀਤ ਦੇ ਖੇਤਰ ਵਿਚ ਉਸ ਨੂੰ ਲਾਭ ਪ੍ਰਾਪਤ ਹੋਵੇਗਾ। ਲੰਮੇ ਸਾਹ ਵਾਲਾ ਗਾਇਕ ਹੀ ਧਰੁਪਦ, ਖ਼ਿਆਲ ਅਤੇ ਠੁਮਰੀ ਆਦਿ ਕਈ ਪ੍ਰਕਾਰ ਦੇ ਗੀਤ ਗਾ ਸਕਦਾ ਹੈ ਅਤੇ ਸਪਾਟ ਤਾਨ ਲਗਾਉਣੀ ਵੀ ਉਸ ਲਈ ਬਹੁਤ ਆਸਾਨ ਹੁੰਦੀ ਹੈ।

4. ਆਵਾਜ਼ ਕੱਢਣ ਵਿਚ ਕਈ ਪ੍ਰਕਾਰ ਦੇ ਦੋਸ਼ ਹੁੰਦੇ ਹਨ ਜਿਹਨਾਂ ਨੂੰ 'ਸੁਰ ਦੋਸ਼' ਆਖਿਆ ਜਾਂਦਾ ਹੈ। ਇਸ ਲਈ ਸੁਰ ਦੋਸ਼ਾਂ ਤੋਂ ਬਚਣਾ ਬਹੁਤ ਜ਼ਰੂਰੀ ਹੈ। ਇਹ ਦੋਸ਼ ਇਸ ਤਰ੍ਹਾਂ ਹਨ :—

ਆਵਾਜ਼ ਦਾ ਭੜ-ਭੜਾਉਣਾ, ਸੁਰ ਦਾ ਕੰਬਣਾ, ਨੱਕ ਵਿਚ ਬੋਲਣਾ, ਸੰਘ ਘੁਟ ਕੇ ਬੋਲਣਾ, ਆਪਣੇ ਆਪ ਦਾਦਰ ਕੰਠੀ ਬਨਾਉਣ ਦਾ ਜਤਨ ਕਰਨਾ, ਆਵਾਜ਼ ਨੂੰ ਧੱਕੇ ਨਾਲ ਲਾਉਣਾ ਅਤੇ ਆਵਾਜ਼ ਨੂੰ ਹਿੱਕ ਦੇ ਜੋਰ ਨਾਲ ਬਾਹਰ ਕਢਣਾ ਆਦਿ।

5. ਉਂਝ ਤੇ ਸਪਤਕ ਵਿਚ 'ਸਾ' ਦੇ ਨਾਲ ਪੰਜ ਆਵਾਜ਼ਾਂ ਹੋਰ ਵੀ ਹਨ, ਜਿਵੇਂ ਕਿ ਸਾ ਗ, ਮ, ਪ ਤੇ ਧ, ਪਰ ਸਾਰੀਆਂ ਆਵਾਜ਼ਾਂ ਨੂੰ ਛੱਡ ਕੇ ਸਭ ਤੋਂ ਪਹਿਲਾਂ 'ਸਾ' ਦੀ ਆਵਾਜ਼ ਨੂੰ ਹੀ ਸਿੱਧ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹੀ ਵਧ ਤੋਂ ਵਧ ਮਿੱਠਾ ਅਤੇ ਸੁਰੀਲਾ ਚਾਹੀਦਾ ਹੈ।

ਉਸਤਾਦ ਲੋਕਾ ਦਾ ਆਖਣਾ ਹੈ ਕਿ ਕੇਵਲ ਇਕੋ 'ਸਾ ਮਿਲਾਉਣਾ ਹੀ ਪੂਰਨ ਤੌਰ ਤੇ ਸਿੱਖ ਲਿਆ ਜਾਵੇ ਤਾਂ ਸੰਗੀਤ ਸੁਰਾਂ ਦਾ ਬਹੁਤ ਸਾਰਾ ਗਿਆਨ ਹੋ ਜਾਂਦਾ ਹੈ।

6. ਆਵਾਜ਼ ਖੁਲ੍ਹੇ ਆਕਾਰ ਵਿਚ ਕਢਣੀ ਚਾਹੀਦੀ ਹੈ। ਜਿਸ ਤਰ੍ਹਾਂ ਕੰਨੇ ਦੀ ਆਵਾਜ਼ 'ਆ' ਹੁੰਦੀ ਹੈ ਇਸ ਲਈ ਉਸੇ ਆਵਾਜ਼ ਨੂੰ ਸਹਮਣੇ ਰਖ ਕੇ ਅਭਿਆਸ ਕੀਤਾ ਜਾਣਾ ਚਾਹੀਦਾ ਹੈ। 'ਸਾ' ਜਾਂ ਕੰਨੇ ਦੀ ਆਵਾਜ਼ 'ਆ' ਇਕੋ ਗੱਲ ਹੈ। ਆਵਾਜ਼

ਹਮੇਸ਼ਾ ਗਲੇ ਵਿਚੋਂ ਸਾਫ਼ ਅਤੇ 'ਆ' ਵਿਚ ਨਿਕਲਣੀ ਚਾਹੀਦੀ ਹੈ। ਅ, ਏ, ਉ, ਏ ਆਦਿ ਦੋਸ਼ ਪੂਰਣ ਆਵਾਜ਼ਾਂ ਨਹੀਂ ਕਢਣੀਆਂ ਚਾਹੀਦੀਆਂ।

7. ਜਿੱਥੇ ਅਸੀਂ ਆਕਾਰ ਨਾਲ ਆਵਾਜ਼ ਦੀ ਸਾਧਨਾ ਕਰਦੇ ਹਾਂ ਉੱਥੇ ਨਾਲ-ਨਾਲ ਸਰਗਮਾਂ ਦੀ ਮਿਹਨਤ ਵੀ ਆਰੋਹ-ਅਵਰੋਹ ਰਾਹੀਂ ਕਰਨੀ ਬੇ-ਹੱਦ ਜ਼ਰੂਰੀ ਹੈ।

8. ਪੰਡਿਤ 'ਓਂਕਾਰ ਨਾਥ ਠਾਕਰ' ਪੰਡਿਤ 'ਵਿਸ਼ਨੂੰ ਦਿਗੰਬਰ' ਤੇ 'ਪਲੂਸਕਾਰ' ਜੀ ਵਰਗੇ ਮਹਾਨ ਸੰਗੀਤਕਾਰ (ਗਾਇਕ) ਜਿੱਥੇ 92-32 ਅਲੰਕਾਰਾਂ ਦੀ ਸਾਧਨਾ ਆਪ ਕਰਿਆ ਕਰਦੇ ਸਨ, ਉੱਥੇ ਵਿਦਿਆਰਥੀ ਕੋਲੋਂ ਵੀ ਇਹਨਾਂ ਦਾ ਅਭਿਆਸ ਕਰਵਾਇਆ ਕਰਦੇ ਸਨ। ਪਰ ਅਸੀਂ ਵਿਦਿਆਰਥੀਆਂ ਨੂੰ, ਇਹ ਸਲਾਹ ਦਸਾਂਗੇ ਕਿ ਜੇਕਰ ਜ਼ਿਆਦਾ ਨਹੀਂ ਤਾਂ ਘਟੋ ਘਟ 10 ਅਲੰਕਾਰਾਂ ਦੀ ਅਭਿਆਸ ਤਾਂ ਜ਼ਰੂਰ ਹੀ ਕਰਨਾ ਚਾਹੀਦਾ ਹੈ। ਜਿਹਨਾਂ ਗਾਇਕਾਂ ਨੇ 32 ਅਲੰਕਾਰਾਂ ਦੀ ਸਾਧਨਾਂ ਕੀਤੀ ਹੈ ਅਤੇ ਜਿਹੜੇ ਕੇਵਲ 10 ਅਲੰਕਾਰਾਂ ਦੀ ਸਾਧਨਾਂ ਕਰਦੇ ਰਹੇ ਹਨ, ਉਸ ਦਾ ਫਰਕ ਦੋਹਾਂ ਦੀ ਗਾਇਕੀ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ :

9. ਇਕ ਅੱਛਾ ਗਾਇਕ ਬਣਨ ਲਈ ਜਿੱਥੇ 'ਮਧ ਸਪਤਕ' ਦੀ ਸਾਧਨਾਂ ਜ਼ਰੂਰੀ ਹੈ ਉੱਥੇ 'ਮੰਦਰ ਸਪਤਕ' ਦਾ ਅਭਿਆਸ ਵੀ ਬੇ-ਹੱਦ ਲੋੜੀਂਦਾ ਹੈ। ਮੇਰੀ ਨਿਜੀ ਰਾਇ ਹੈ ਕਿ 'ਮੰਦਰ ਸਪਤਕ' ਨੂੰ ਸਾਧਨਾ ਬਹੁਤ ਜ਼ਿਆਦਾ ਲਾਭਦਾਇਕ ਰਹਿੰਦਾ ਹੈ, ਕਿਉਂਕਿ ਅਸੀਂ ਇਹ ਆਪ ਕੀਤਾ ਹੈ ਅਤੇ ਕਰਵਾ ਕੇ ਵੀ ਵੇਖਿਆ ਹੈ। ਇਸ ਤੇ ਕੋਈ ਵੀ ਵਿਅਕਤੀ 'ਕਿੰਤੂ' ਨਹੀਂ ਕਰ ਸਕਦਾ।

10. ਸੁਰ ਨੂੰ ਸ਼ੁਰੂ ਕਰਨ ਦਾ ਟਿਕਾਣਾ ਵਿਦਿਆਰਥੀ ਦੀ ਆਵਾਜ਼ ਉੱਪਰ ਨਿਰਭਰ ਕਰਦਾ ਹੈ, ਕਿਉਂਕਿ ਕਈਆਂ ਦੀ ਆਵਾਜ਼ ਪਹਿਲੇ ਚਿੱਟੇ ਸੁਰ ਉੱਪਰ, ਕਈਆਂ ਦੀ ਪਹਿਲੇ ਕਾਲੇ ਸੁਰ ਉੱਪਰ ਅਤੇ ਬਹੁਤ ਸਾਰਿਆਂ ਦੀ ਦੂਜੇ ਕਾਲੇ ਸੁਰ ਉੱਪਰ ਲਗਦੀ ਹੈ। ਇਸ ਲਈ ਜਿਸ ਵਿਦਿਆਰਥੀ ਦੀ ਆਵਾਜ਼ ਜਿਸ ਸੁਰ ਉੱਪਰ ਠੀਕ ਤਰ੍ਹਾਂ ਨਾਲ ਲਗੇ ਉੱਥੇ ਹੀ ਉਸ ਨੂੰ ਆਪਣਾ ਆਧਾਰ ਬਣਾ ਲੈਣਾ ਚਾਹੀਦਾ ਹੈ।

ਸਾਡੇ ਵਿਚਾਰ ਅਨੁਸਾਰ ਲੜਕੀਆਂ ਲਈ ਚੌਥਾ ਕਾਲਾ, ਪੰਜਵਾਂ ਕਾਲਾ ਜਾਂ ਫੇਰ ਅਠਵਾਂ ਚਿੱਟਾ ਸੁਰ ਵੀ ਰਖਿਆ ਜਾ ਸਕਦਾ ਹੈ। ਪਰ ਇਹ ਪਛਾਣ ਵਿਦਿਆਰਥੀ ਲਈ ਆਪ ਕਰਨੀ ਬੜੀ ਔਖੀ ਹੈ ਅਤੇ ਇਹ ਪਛਾਣ ਠੀਕ ਤਰੀਕੇ ਨਾਲ ਕੋਈ ਪੂਰਾ ਉਸਤਾਦ ਹੀ ਕਰਵਾ ਸਕਦਾ ਹੈ।

11. ਅਸੀਂ ਉੱਪਰ ਦਸ ਆਏ ਹਾਂ ਕਿ ਆਵਾਜ਼ ਬੜੀ ਧੀਮੀ ਸ਼ੁਰੂ ਕਰੋ। ਪਰ ਜਿੱਥੇ ਅਸੀਂ ਆਵਾਜ਼ ਨੂੰ ਨਰਮੀ ਨਾਲ ਲਾਉਣ ਲਈ ਆਖਿਆ ਹੈ ਉਥੇ ਆਵਾਜ਼ ਭਰਵੀਂ, ਬੁਲੰਦ ਅਤੇ ਲੰਮੀ ਵੀ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਆਵਾਜ਼ ਦੀ ਬੁਲੰਦੀ ਨੂੰ ਰੋਕ ਕੇ ਗਲੇ ਨੂੰ ਘੁਟਣ ਦਾ ਜਤਨ ਕਰੋਗੇ ਤਾਂ ਤੁਹਾਡੀ ਆਵਾਜ਼ ਸੁੰਦਰ ਅਤੇ ਸੁਰੀਲੀ ਬਣਨ ਦੀ ਬਜਾਏ ਕੁਰੱਖਤ ਅਤੇ ਕਠੋਰ ਹੋ ਜਾਵੇਗੀ।

12. ਆਕਾਰ ਰਾਹੀਂ ਜਦ ਤੁਸੀਂ ਆਵਾਜ਼ ਨੂੰ ਸਿੱਧ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਸ਼ੁਧ ਸੁਰਾਂ ਦੀ ਸਰਗਮ ਉੱਪਰ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਇਸ ਨੂੰ ਬਿਲਾਵਲ ਥਾਟ ਵੀ ਆਖਦੇ ਹਨ।

13. 'ਸਪਾਟ ਤਾਨ' ਅਤੇ 'ਸ਼ੁਧ ਤਾਨ' ਦਾ ਅਭਿਆਸ ਜਿੰਨਾਂ ਵੀ ਹੋ ਸਕੇ ਓਨਾ ਹੀ ਥੋੜ੍ਹਾ ਹੈ।

14. ਵਿਦਿਆਰਥੀ ਨੂੰ ਆਪਣੀ ਨਿਜੀ ਰਾਇ ਛੱਡ ਕੇ ਕਿਸੇ ਚੰਗੇ ਉਸਤ ਦ ਦੀ ਸੰਗਤ ਕਰਨੀ ਚਾਹੀਦੀ ਹੈ ਕਿਉਂਕਿ ਇਕ ਚੰਗਾ ਟੀਚਰ ਹੀ ਇਸ ਵਿਦਿਆ ਵਿਚ ਨਿਪੁੰਨ ਬਣਾ ਸਕਦਾ ਹੈ।

15. ਅਭਿਆਸ ਹਮੇਸ਼ਾ ਤਬਲੇ ਦੇ ਨਾਲ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਅਭਿਆਸ ਦੌਰਾਨ ਵਿਦਿਆਰਥੀ ਜਿੱਥੇ 'ਸੁਰਾਂ' ਦੇ ਗਿਆਨ ਵਿਚ ਅਗੇ ਵਧਦਾ ਹੈ ਉੱਥੇ ਤਬਲੇ ਦੀ ਸੰਗਤ ਨਾਲ ਉਹ ਤਾਲ ਦਾ ਵੀ ਧਨੀ ਹੋ ਜਾਂਦਾ ਹੈ। ਕਿਉਂਕਿ ਸੁਰ ਗਿਆਨ ਦੇ ਨਾਲ-ਨਾਲ ਤਾਲ ਦਾ ਗਿਆਨ ਹੋਣਾ ਵੀ ਬਹੁਤ ਜ਼ਰੂਰੀ ਹੈ।

16. ਜਿਹੜਾ ਵਿਦਿਆਰਥੀ ਸੁਰ ਗਿਆਨ ਤੋਂ ਕੋਰਾ ਹੈ ਉਹ ਤਾਨਪੁਰਾ ਸੁਰ ਕਰਕੇ ਤਾਨਪੁਰੇ ਨਾਲ ਸੁਰ ਅਭਿਆਸ ਨਹੀਂ ਕਰ ਸਕਦਾ। ਇਸ ਲਈ ਅਜਿਹੇ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਹਾਰਮੋਨੀਅਮ ਦਾ 'ਖ਼ਰਜ ਪੰਚਮ' ਦਬਾ ਕੇ ਉਸ ਨਾਲ ਸੁਰ ਦੀ ਸਾਧਨਾ ਕਰਨ ਅਤੇ ਉਪਰ ਦਸੇ ਨਿਯਮ ਦੀ ਪੂਰੀ ਤਰ੍ਹਾਂ ਪਾਲਣਾ ਕਰਨ। ਇਸ ਤਰੀਕੇ ਨਾਲ ਉਹਨਾਂ ਨੂੰ ਪੂਰੀ ਤਰ੍ਹਾਂ ਸੁਰ ਗਿਆਨ ਹੋ ਸਕਦਾ ਹੈ।

ਜੇਕਰ ਤੁਸੀਂ ਕੇਵਲ ਕੀਰਤਨ ਸਿੱਖਣਾ ਹੈ ਤਾਂ ਹਾਰਮੋਨੀਅਮ ਦੇ ਨਾਲ ਹੀ ਅਭਿਆਸ ਕਰਨਾ ਕਾਹੀਦਾ ਹੈ ਅਤੇ ਜੇ ਸੰਗੀਤ ਦੀ ਉਚੇਰੀ ਵਿਦਿਆ (ਕਲਾਸੀਕਲ) ਪ੍ਰਾਪਤ ਕਰਨੀ ਹੈ ਤਾਂ ਉਸ ਦੇ ਲਈ ਹਾਰਮੋਨੀਅਮ ਛੱਡ ਕੇ ਤਾਨਪੁਰੇ ਨਾਲ ਰਿਆਜ਼ ਕਰਨਾ ਹੋਵੇਗਾ।

17. ਚੇਤੇ ਰਹੇ ਕਿ ਬੇਸੁਰੇ ਤਾਨਪੁਰੇ ਨਾਲ ਕਦੀ ਵੀ ਅਭਿਆਸ ਨਾ ਕੀਤਾ ਜਾਵੇ ਕਿਉਂਕਿ ਬੇਸੁਰਾ ਤਾਨਪੁਰਾ ਤੁਹਾਡੇ ਸੁਰ ਨੂੰ ਵੀ ਬੇਸੁਰਾ ਬਣਾ ਦੇਵੇਗਾ ਅਤੇ ਬੇਸੁਰੀ ਆਵਾਜ਼ ਨੂੰ ਦੁਬਾਰਾ ਸੁਰ ਵਿਚ ਲਿਆਉਣਾ ਮੁਸ਼ਕਿਲ ਹੀ ਨਹੀਂ ਬਲਕਿ ਕਾਫੀ ਹੱਦ ਤਕ ਨਾਮੁਮਕਿਨ ਵੀ ਹੈ।

18. ਵਿਦਿਆਰਥੀ ਨੂੰ ਆਪਣੇ ਅਕੀਦੇ ਦਾ ਪੱਕਾ ਹੋਣਾ ਚਾਹੀਦਾ ਹੈ ਅਤੇ ਉਸ ਦੀ ਪ੍ਰਵਿਰਤੀ ਗੁਰੂ ਸਾਹਿਬ ਦੇ ਚਰਨਾਂ ਵਿਚ ਜੁੜੀ ਹੋਈ ਹੋਣੀ ਚਾਹੀਦੀ ਹੈ ਤਾਂ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਛਤਰ ਛਾਇਆ ਹੇਠ ਉਹ ਸੰਗੀਤ ਦੇ ਮੈਦਾਨ ਵਿਚ ਅਗੇ ਵਧ ਸਕੇ।

19. ਗਾਉਣ ਲਗਿਆਂ ਆਪਣੀ ਮੁਦਰਾ ਵਲ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਮੂੰਹ ਵਿਗਾੜ ਕੇ, ਦੰਦ ਪੀਹ ਕੇ ਜਾਂ ਹੱਥ ਪੈਰ ਹਿਲਾ ਕੇ ਗਾਉਣਾ ਦੋਸ਼ ਪੂਰਣ ਹੈ।

20. ਗਾਉਣ ਲਗਿਆਂ ਸ਼ਬਦ ਦੇ ਸ਼ੁੱਧ ਉਚਾਰਨ ਵਲ ਵੀ ਧਿਆਨ ਦੇਣਾ ਚਾਹੀਦਾ ਹੈ। ਜੇਕਰ ਸ਼ਬਦਾਂ ਦਾ ਉਚਾਰਣ ਸ਼ੁੱਧ ਨਹੀਂ ਹੋਵੇਗਾ ਤਾਂ ਸਰੋਤਿਆਂ ਨੂੰ ਸ਼ਬਦਾਂ ਦੀ ਸਮਝ ਨਹੀਂ ਆਏਗੀ ਅਤੇ ਉਹ ਤੁਹਾਡੇ ਗਾਇਨ ਦਾ ਰਸ ਪ੍ਰਾਪਤ ਨਹੀਂ ਕਰ ਸਕਣਗੇ।

21. ਬਹੁਤੀ ਜਗ੍ਹਾ ਤੇ ਤੁਸੀਂ ਇਹ ਲਿਖਿਆ ਹੋਇਆ ਪੜ੍ਹੋਗੇ ਕਿ 'ਮਧ ਸਪਤਕ' ਦੇ ਸੁਰਾਂ ਉੱਪਰ ਹੀ ਅਭਿਆਸ ਕਰਨਾ ਚਾਹੀਦਾ ਹੈ। ਪਰ ਇਥੇ ਇਹ ਪ੍ਰਸ਼ਨ ਉਠਦਾ ਹੈ ਕਿ ਵਿਦਿਆਰਥੀ ਨੂੰ 'ਮਧ ਸਪਤਕ' ਦਾ ਪਤਾ ਕਿਸ ਤਰ੍ਹਾਂ ਲਗੇ ? ਇਸ ਲਈ ਮਧ ਸਪਤਕ' ਦਾ ਗਿਆਨ ਹੋਣਾ ਅਤੀ ਜ਼ਰੂਰੀ ਹੈ।

'ਮਧ ਸਪਤਕ' ਨੂੰ ਸਮਝਣਾ ਕੋਈ ਔਖੀ ਗੱਲ ਨਹੀਂ। 'ਮਧ' ਨਾਮ ਹੈ ਦਰਮਿਆਨ ਦਾ ਜਿਸ ਨੂੰ ਅੰਗਰੇਜ਼ੀ ਵਿਚ 'ਸੈਂਟਰ' ਆਖਿਆ ਜਾਂਦਾ ਹੈ। ਇਸ ਲਈ ਆਵਾਜ਼ ਦੇ 'ਸੈਂਟਰ' ਨੂੰ ਹੀ 'ਮਧ ਸਪਤਕ' ਆਖਿਆ ਜਾਂਦਾ ਹੈ।

ਆਦਮੀ ਦੀ ਆਵਾਜ਼ ਦਾ ਸੈਂਟਰ ਵਾਜੇ ਦੇ ਪਹਿਲੇ ਚਿੱਟੇ ਸੁਰ ਤੋਂ ਅਠਵੇਂ ਚਿੱਟੇ ਸੁਰ ਤਕ ਹੁੰਦਾ ਹੈ ਜਦ ਕਿ ਇਸਤਰੀ ਦੀ ਆਵਾਜ਼ ਦਾ 'ਸੈਂਟਰ' ਵਾਜੇ ਦੇ ਚੌਥੇ ਕਾਲੇ ਸੁਰ ਤੋਂ ਦਸਵੇਂ ਕਾਲੇ ਸੁਰ ਤਕ ਹੋ ਸਕਦਾ ਹੈ। ਇਹਨਾਂ ਵਿਚਕਾਰਲੀਆਂ ਸੁਰਾਂ ਨੂੰ ਹੀ 'ਮਧ ਸਪਤਕ' ਆਖਿਆ ਜਾਂਦਾ ਹੈ।

ਇਸ ਤਰ੍ਹਾਂ ਵਾਜੇ ਦੇ ਪਹਿਲੇ ਚਿੱਟੇ ਸੁਰ ਤੋਂ ਚੌਥੇ ਕਾਲੇ ਸੁਰ ਤਕ ਦੇ ਵਿਚਕਾਰਲੇ ਕਿਸੇ ਵੀ ਸੁਰ ਨੂੰ 'ਸਾ' ਮੰਨਿਆ ਜਾ ਸਕਦਾ ਹੈ। ਇਸ ਦੇ ਲਈ ਇਕ ਹੋਰ ਮਿਸਾਲ ਇਸ ਤਰ੍ਹਾਂ ਹੈ। ਚੌਥੇ ਕਾਲੇ ਸੁਰ ਤੋਂ ਅਠਵੇਂ ਚਿੱਟੇ ਸੁਰ ਦੇ ਵਿਚਕਾਰਲੇ ਸਾਰੇ ਸੁਰਾਂ ਚੋਂ ਕਿਸੇ ਵੀ ਸੁਰ ਨੂੰ 'ਸਾ' ਮੰਨਿਆ ਜਾ ਸਕਦਾ ਹੈ।

22. ਜਦ ਕੋਈ 'ਰਾਗ' ਜਾਂ ਸ਼ਬਦ ਸਿਖਣਾ ਹੋਵੇ ਤਾਂ ਸਭ ਤੋਂ ਪਹਿਲਾਂ ਸੁਰ ਲਿਪੀ ਨੂੰ ਪਕਾ ਲੈਣਾ ਚਾਹੀਦਾ ਹੈ ਅਤੇ ਇਸ ਨੂੰ ਭਲੀ ਪ੍ਰਕਾਰ ਯਾਦ ਕਰਨ ਉਪਰੰਤ ਸਬੰਧਤ ਸੁਰਾਂ ਉੱਪਰ ਸ਼ਬਦ ਲਗਾ ਕੇ ਅਭਿਆਸ ਕਰਨਾ ਚਾਹੀਦਾ ਹੈ। ਨਾਲ ਹੀ ਹਥ ਨਾਲ ਤਾਲੀ ਦੇਣ ਦਾ ਅਭਿਆਸ ਵੀ ਕੀਤਾ ਜਾਣਾ ਚਾਹੀਦਾ ਹੈ। ਜੇਕਰ ਸਰਗਮ ਯਾਦ ਕਰਨ ਤੋਂ ਬਿਨਾਂ ਸ਼ਬਦ ਸਿੱਖਣ ਦੀ ਕੋਸ਼ਿਸ਼ ਕੀਤੀ ਗਈ ਤਾਂ ਰਾਗ ਜਾਂ 'ਸ਼ਬਦ' ਸਿਖਣ ਵਿਚ ਕਚਿਆਈ ਰਹਿ ਜਾਵੇਗੀ। ਸ਼ਬਦ ਜਿਸ ਤਾਲ ਵਿਚ ਹੋਵੇ ਉਸ ਤਾਲ ਦੇ ਮਾਤਰਿਆਂ ਅਨੁਸਾਰ ਪਹਿਲੇ ਇਕ ਟੁਕੜੇ ਨੂੰ ਅੱਛੀ ਪਰ੍ਹਾ ਯਾਦ ਕਰ ਲੈਣਾ ਚਾਹੀਦਾ ਹੈ। ਇਸ ਪਿਛੋਂ ਦੂਜਾ ਟੁਕੜਾ ਸ਼ੁਰੂ ਕਰਨਾ ਚਾਹੀਦਾ ਹੈ।

ਜਿਵੇਂ ਕਿ ਤਿੰਨ ਤਾਲ ਵਿਚ 16 ਮਾਤਰੇ ਹੁੰਦੇ ਹਨ ਅਤੇ ਇਕ ਆਵਰਤਨ ਭਾਵ ਚੱਕਰ 16 ਮਾਤਰਿਆਂ ਨਾਲ ਪੂਰਾ ਹੁੰਦਾ ਹੈ। ਇਸ ਲਈ 16 ਮਾਤਰਿਆਂ ਦਾ ਇਕ ਚੱਕਰ ਪੂਰੀ ਤਰ੍ਹਾਂ ਯਾਦ ਕਰਕੇ ਫੇਰ ਦੂਜਾ ਚੱਕਰ ਸ਼ੁਰੂ ਕਰਨਾ ਚਾਹੀਦਾ ਹੈ। ਇਸ ਵਿਚ ਜਲਦੀ ਨਹੀਂ ਕਰਨੀ ਚਾਹੀਦੀ।

23. ਲੈਅ ਅਤੇ ਤਾਲ ਦਾ ਧਿਆਨ ਰੱਖਣਾ ਵੀ ਬਹੁਤ ਜ਼ਰੂਰੀ ਹੈ। ਲੈਅ ਦੀ ਚਾਲ ਇਕੋ ਹੋਣੀ ਚਾਹੀਦੀ ਹੈ। ਇਹ ਕਦੀ ਤੇਜ਼ ਅਤੇ ਕਦੀ ਹੌਲੀ ਨਹੀਂ ਹੋਣੀ ਚਾਹੀਦੀ ਹੈ।

24. ਸ਼ਬਦ ਨੂੰ ਵਾਜੇ ਉਪਰ ਸਿਖਣ ਤੋਂ ਪਹਿਲਾਂ ਜ਼ੁਬਾਨੀ ਯਾਦ ਕਰਨਾ ਚਾਹੀਦਾ ਹੈ। ਇਸ ਪਿਛੋਂ ਹੀ ਸਰਗਮ ਅਤੇ ਤਾਲ ਚਿੰਨ੍ਹਾਂ ਨੂੰ ਧਿਆਨ ਨਾਲ ਦੇਖ ਕੇ ਅਤੇ ਯਾਦ ਕਰਕੇ ਵਾਜੇ ਉੱਪਰ ਕਢਣਾ ਚਾਹੀਦਾ ਹੈ। 0

# ਧਨਾਸਰੀ ਮਹਲਾ ੯

ਕਾਹੇ ਰੇ ਬਨ ਖੋਜਨ ਜਾਈ ॥

ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗਿ ਸਮਾਈ ॥੧॥ਰਹਾਉ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ ॥

ਤੈਸੇ ਹੀ ਹਰਿ ਬਸੇ ਨਿਰੰਤਰਿ, ਘਟ ਹੀ ਖੋਜਹੁ ਭਾਈ ॥੧॥

ਬਾਹਰਿ ਭੀਤਰਿ ਏਕੋ ਜਾਨਹੁ, ਇਹੁ ਗੁਰ ਗਿਆਨੁ ਬਤਾਈ ॥

ਜਨ ਨਾਨਕ ਬਿਨੁ ਆਪਾ ਚੀਨੈ, ਮਿਟੈ ਨ ਭ੍ਰਮ ਕੀ ਕਾਈ ॥੨॥੧॥

ਅਰਥ : ਹੇ ਭਾਈ ! (ਪਰਮਾਤਮਾ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈ ? ਪਰਮਾਤਮਾ ਸਭ ਵਿਚ ਵੱਸਣ ਵਾਲਾ ਹੈ (ਫਿਰ ਭੀ) ਸਦਾ (ਮਾਇਆ ਦੇ ਪ੍ਰਭਾਵ ਤੋਂ ਨਿਰਲੇਪ ਰਹਿੰਦਾ ਹੈ । ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ । ੧ । ਰਹਾਉ ।

ਹੇ ਭਾਈ ! ਜਿਵੇਂ ਫੁੱਲ ਵਿਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ ਵੱਸਦਾ ਹੈ, ਤਿਵੇਂ ਪਰਮਾਤਮਾ ਇਕ-ਰਸ ਸਭਨਾਂ ਦੇ ਅੰਦਰ ਵੱਸਦਾ ਹੈ ' (ਇਸ ਵਾਸਤੇ, ਉਸ ਨੂੰ) ਆਪਣੇ ਹਿਰਦੇ ਵਿਚ ਹੀ ਲੱਭ । ੧ ।

ਹੇ ਭਾਈ ! ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ) ਇਕ ਪਰਮਾਤਮਾ ਨੂੰ (ਵੱਸਦਾ) ਸਮਝੋ । ਹੇ ਦਾਸ ਨਾਨਕ ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ, ਉਤਨਾ ਚਿਰ ਸਰਬ-ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ) ।੨।੧।

# ਰਾਗ ਧਨਾਸਰੀ

(ਭੈਰਵੀ ਅੰਗ ਵਾਲੀ)

ਭਾਈ ਕੁਲਵੰਤ ਸਿੰਘ ਚੰਦਨ ਹਜ਼ੂਰੀ ਰਾਗੀ ਗੁ. ਸੀਸ ਗੰਜ ਸਾਹਿਬ, ਦਿੱਲੀ

ਠਾਠ ਭੈਰਵੀ ਸੁਰ – ਰੇ ਗਾ, ਧਾ, ਨੀ, ਕੋਮਲ

ਜਾਤੀ ਔੜਵ ਸੰਪੂਰਣ (ਅਰੋਹ ਵਿਚ ਰੇ, ਧ ਸੁਰ ਵਰਜਿਤ)

ਵਾਦੀ ਪ ਅਤੇ ਸੰਵਾਦੀ ਗਾ ਸੁਰ ਹੈ।

ਸਮਾ –ਰਾਤ ਦਾ ਪਹਿਲਾ ਪਹਿਰ।

ਆਰੋਹ – ਨ਼ੀ ਸਾ, ਗੁ ਮ ਪ ਨੀ ਸਾਂ।

ਅਵਰੋਹ—ਸਾਂ ਨੀ ਧੁ ਪ, ਮਪ ਗੁਰੇ-ਗਾ।

ਪਕੜ ਪ ਨੀ-ਧ-ਪ, ਗੁ-ਗੁ ਮ ਰੁ ਸਾ।

ਅਸਥਾਈ ਛੋਟੀ ਤਿੰਨ ਤਾਲ, ਮੱਧ ਲੈਅ।

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | — | ਪ | -ਪ | ਪਨੀ | ਨੀਧੁ | ਧੁ | ਪ | ਪ |
| | | | | | | | | — | ਕਾ | ss | ਹੇs | ਰੇs | s | ਬ | ਨ |
| ਗੁ | ਗੁ | ਗੁ | ਗੁਮ | ਰੇ | ਰੇ | ਸਾ | ਸਾ | ਨ਼ੀ | ਨ਼ੀ | ਨ਼ੀ | -ਨ਼ੀ | ਸਾ | ਸਾ | ਸਾ | ਸਾ |
| ਖੱ | s | s | ਜਨ | ਜਾ | s | s | ਈ | — | ਸਰ | s | ਬਨਿ | ਵਾ | s | ਸੀ | s |
| ਨ਼ੀ | ਨ਼ੀ | ਨ਼ਗੁ | ਗੁ- | ਰੇ | ਰੇ | ਸਾ | ਸਾ | ਪ | ਪ | ਸਾਂ | ਸਾਂ | ਨੀ | ਧੁ | ਪ | ਮ |
| ਸ | ਦਾ | ss | ਅs | ਲੇ | s | ਪਾ | s | — | ਤੋ | s | ਹੀ | ਸੰ | s | ਗਿ | ਸ |
| ਗੁ | ਰੇ | ਸਾ | ਸਾ | ਸਾ | ਗੁ | ਮ | ਪ | | | | | | | | |
| ਮਾ | s | ਈ | ਸ | ਮਾ | s | ਈ | s | | | | | | | | |
| × | | | | 2 | | | | 0 | | | | 3 | | | |
| | ਅੰਤਰਾ | | | | | | | ਪ | -ਪ | ਪ | ਪ | ਮ | ਪ | ਗੁ | ਮ |
| | | | | | | | | — | ਪੁਹ | ਪ | ਮ | s | ਧਿ | ਜਿ | ਉ |
| ਪ | ਪ | ਨੀ | ਪ | ਨੀ | ਨੀ | ਸਾਂ | ਸਾਂ | — | -ਨੀ | ਸਾਂ | ਗੁਂ | ਰੇਂ | ਰੇਂ | ਸਾਂ | ਸਾਂ |
| ਬਾ | s | ਸੁ | ਬ | ਸ | ਤੁ | ਹੈ | s | — | ਮੁਕ | ਰ | ਮਾ | ਹਿ | s | ਜੈ | ਸੇ |
| ਧੁ | ਧੁ | ਪ | ਪ | ਪ | ਪ | ਪ | ਪ | ਪ | ਪ | ਪ | ਨੀ | ਧੁ | ਧੁ | ਪ | ਪ |
| ਛਾ | s | ਈ | s | s | s | s | s | — | ਤੈ | s | ਸੇ | ਹੀ | s | ਹ | ਰਿ |
| ਗੁ | ਗੁ | ਗੁ | ਮ | ਰੇ | ਰੇ | ਸਾ | ਸਾ | ਨ਼ੀ | ਨ਼ੀ | ਨ਼ੀ | ਨ਼ੀ | ਸਾ | ਸਾ | ਮਾਗ | ਗੁ |
| ਬ | ਸੇ | s | ਨਿ | ਰੰ | s | ਤ | ਰਿ | -- | ਘਟ | ਹੀ | s | ਖੋ | s | ਜਹੁ | s |
| ਰੇ | ਰੇ | ਸਾ | ਸਾ | ਸਾ | ਗੁ | ਮ | ਪ | | | | | | | | |
| ਭਾ | s | ਈ | s | ਭਾ | s | ਈ | s | | | | | | | | |
| × | | | | 2 | | | | 0 | | | | 3 | | | |

# ਗੁਰਬਾਣੀ ਦਾ ਪਰਭਾਵ

## ਮਾਨਸਿਕ ਵਿਦਿਆ ਦੇ ਨਿਸ਼ਾਨੇ ਤੋਂ

ਪ੍ਰੋਫੈਸਰ ਸਾਹਿਬ ਸਿੰਘ ਡੀ. ਲਿਟ.

(ਪਿਛਲੇ ਅੰਕ ਤੋਂ ਅੱਗੇ)

ਕਾਲਕਾ ਤੋਂ ਸ਼ਿਮਲੇ ਜਾਣ ਵਾਲੀ ਗੱਡੀ ਵਿਚ ਬੈਠ ਕੇ ਰਾਹ ਵਿਚ ਤੁਸੀਂ ਗੱਡੀ ਦੇ ਡਰਾਇਵਰ ਨੂੰ ਆਖਦੇ ਹੋ 'ਭਾਈ ! ਇਉਂ ਜਾਪਦਾ ਹੈ ਕਿ ਏਸ ਪਹਾੜੀ ਸਫ਼ਰ ਵਿਚ ਤੇਰਾ ਜੀਅ ਕੱਚਾ ਹੋ ਰਿਹਾ ਹੈ ਤੇ ਤੇਰਾ ਸਿਰ ਚਕਰਾ ਰਿਹਾ ਹੈ। ਤੁਹਾਡੀ ਇਹ ਗੱਲ ਸੁਣ ਕੇ ਉਹ ਮਨੁੱਖ ਹੱਸ ਛੱਡੇਗਾ, ਕਿਉਂਕਿ ਉਹ ਜਾਣਦਾ ਹੈ ਕਿ ਇਹ ਤਕਲੀਫ਼ ਆਮ ਮੁਸਾਫਰਾਂ ਨੂੰ ਤਾਂ ਹੋ ਸਕਦੀ ਹੈ, ਪਰ ਉਸ ਨੂੰ ਨਹੀਂ ਹੋ ਸਕਦੀ। ਤੁਹਾਡਾ ਖ਼ਿਆਲ ਉਸ ਦੇ ਅੰਦਰ ਡਰ ਤੇ ਘਬਰਾਹਟ ਪੈਦਾ ਕਰਨ ਦੇ ਥਾਂ ਦਲੇਰੀ ਤੇ ਹੌਸਲਾ ਪੈਦਾ ਕਰਦਾ ਹੈ। ਪਰ ਤੁਸੀਂ ਉਸ ਡਰਾਇਵਰ ਤੋਂ ਹਟ ਕੇ ਇਕ ਨਵੇਂ ਮੁਸਾਫ਼ਰ ਨੂੰ ਭੀ ਇਹੀ ਗੱਲ ਜਾ ਆਖਦੇ ਹੋ। ਉਸ ਨੇ ਅਗੇ ਸਾਥੀਆਂ ਪਾਸੋਂ ਇਹ ਸੁਣਿਆ ਹੋਇਆ ਹੈ ਕਿ ਸ਼ਿਮਲੇ ਦੇ ਰਾਹ ਵਿਚ ਉਲਟੀਆਂ ਆਉਣ ਲੱਗ ਪੈਂਦੀਆਂ ਹਨ। ਬਸ, ਤੁਹਾਡੇ ਆਖਣ ਦੀ ਢਿੱਲ ਹੈ ਕਿ ਉਹ ਸੱਚ-ਮੁੱਚ ਵਿਚਾਰਾ ਤਰੇਲਿਓ ਤਰੇਲੀ ਹੋ ਜਾਂਦਾ ਹੈ। ਕਿਉਂ ? ਇਸ ਵਾਸਤੇ ਕਿ ਘਬਰਾਹਟ ਵਾਲੇ ਸੰਸਕਾਰ ਤਾਂ ਪਹਿਲਾਂ ਹੀ ਉਸ ਦੇ 'ਅਚੇਤ ਮਨ' ਵਿਚ ਟਿਕੇ ਪਏ ਸਨ, ਤੁਹਾਥੋਂ ਮਿਲੀ ਪ੍ਰੇਰਨਾ ਨਾਲ ਉਹ ਸੱਚ-ਮੁੱਚ ਅਮਲ ਵਿਚ ਆ ਜਾਂਦੇ ਹਨ।

ਪਰ, ਫ਼ਰਜ਼ ਕਰੋ ਤੁਸੀਂ ਇਕ ਰੋਗੀ ਮਨ ਨੂੰ 'ਅਰੋਗਤਾ' ਦਾ ਖ਼ਿਆਲ ਪੇਸ਼ ਕਰਨਾ ਚਾਹੁੰਦੇ ਹੋ, ਉਹ ਮਨ ਪਹਿਲਾਂ ਰੋਗ ਦੇ ਸੰਸਕਾਰਾਂ ਨਾਲ ਘਿਰਿਆ ਪਿਆ ਹੈ। ਕੀ ਇਹ ਨਵਾਂ 'ਅਰੋਗਤਾ' ਵਾਲਾ ਖ਼ਿਆਲ 'ਅਚੇਤ ਮਨ' ਵਿਚੋਂ ਰੱਦ ਨਾ ਹੋ ਜਾਏਗਾ ? ਉਸ ਦੇ ਪਹਿਲੇ ਬਣੇ ਰੋਗ ਦੇ ਸੰਸਕਾਰਾਂ ਦੇ ਅਸਰ ਤੋਂ ਕਿਵੇਂ ਬਚਾਓਗੇ ?

'ਅਚੇਤ ਮਨ' ਸਮੁੰਦਰ ਦੇ 'ਉਤਾਰ ਚੜ੍ਹਾਓ' ਦੀ ਨਿਆਈਂ ਹੈ, ਜਦੋਂ ਅਸੀਂ ਸੁੱਤੇ ਪਏ ਹਾਂ 'ਅਚੇਤ ਮਨ' 'ਚੜ੍ਹਾਓ' ਵਿਚ ਹੁੰਦਾ ਹੈ ਤੇ 'ਸੁਚੇਤ ਮਨ' ਉਤਾਰ ਵਿਚ। ਜਦੋਂ ਮਨੁੱਖ ਊਂਘਦਾ ਹੈ, ਨੀਂਦ ਵਿਚ ਸੁਫਨੇ ਆ ਰਹੇ ਹਨ, ਰਾਗ ਸੁਣਨ ਜਾਂ ਕਿਸੇ ਸੁੰਦਰ ਤਸਵੀਰ ਦੇ ਦੇਖਣ ਜਾਂ ਕੋਈ ਮਿੱਠੀ ਕਵਿਤਾ ਸੁਣਨ ਨਾਲ ਲੋਰ ਜਿਹਾ ਆਉਂਦਾ ਹੈ, ਤਦੋਂ 'ਅਚੇਤ ਮਨ' ਮਾਨੋ 'ਚੜ੍ਹਾਓ' ਵਿਚ ਹੈ। ਜਿਤਨਾ ਹੀ ਅਸੀਂ ਸੁਚੇਤ ਹਾਂ ਉਤਨਾ ਹੀ 'ਅਚੇਤ ਮਨ' ਤਲੇ ਲੱਥਾ ਪਿਆ ਰਹਿੰਦਾ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਕਈ ਵਾਰੀ ਵੇਹਲੇ ਇਕੱਲੇ ਬੈਠਿਆਂ ਕਿਸੇ 'ਵਹਿਣ' ਵਿਚ ਪੈ ਜਾਈਦਾ ਹੈ, (ਇਸ ਨੂੰ 'day dream' ਆਖਦੇ ਹਨ) ਅਜਿਹੇ ਸਮੇਂ 'ਅਚੇਤ ਮਨ' ਦੀਆਂ ਠਾਠਾਂ ਜ਼ੋਰਾਂ ਵਿਚ ਹੁੰਦੀਆਂ ਹਨ। ਇਕ ਖਿਆਲ ਮਨ ਵਿਚ ਉੱਠਦਾ ਹੈ, ਇਹ

ਅਗਾਂਹ ਅਗਾਂਹ ਹੋਰ ਤਾਣੀ ਤਣੀ ਜਾਂਦਾ ਹੈ, ਮਨ ਵਿਚ ਆਪਣੇ ਆਪ ਸੋਹਣੀ ਜਿਹੀ ਲੜੀ ਚਲ ਪੈਂਦੀ ਹੈ, ਰਾਹ ਵਿਚ ਕੋਈ ਰੁਕਾਵਟ ਆਉਂਦੀ ਨਹੀਂ ਜਾਪਦੀ, ਕਿਤੇ ਸ਼ੱਕ ਦੀ ਗੁੰਜਾਇਸ਼ ਨਹੀਂ ਦਿਸਦੀ। ਅਸਲੀ ਦੁਨੀਆਂ ਨਾਲੋਂ ਵੱਖਰੇ, ਇਕ ਐਸੇ ਜਗਤ ਵਿਚ ਬੈਠੇ ਹੁੰਦੇ ਹਾਂ, ਜਿੱਥੇ ਹਰੇਕ ਗੱਲ ਸਾਡੀ ਮਰਜ਼ੀ ਅਨੁਸਾਰ ਹੋ ਸਕਦੀ ਹੈ। ਬਸ ਅਜਿਹੀ ਅਵਸਥਾ ਵਿਚ ਅੱਪੜਿਆ ਹੋਇਆ 'ਅਚੇਤ ਮਨ' ਬਾਹਰੋਂ ਜਾਂ ਅੰਦਰੋਂ ਮਿਲੀ ਪ੍ਰੇਰਨਾ ਨੂੰ ਕਬੂਲ ਕਰ ਲੈਂਦਾ ਹੈ। ਅਜਿਹੇ 'ਵਹਿਣ' ਖ਼ਤਰਨਾਕ ਭੀ ਹੁੰਦੇ ਹਨ, ਕਿਉਂਕਿ ਉਹਨਾਂ ਹੀ ਖ਼ਿਆਲਾਂ ਦੀ ਲੜੀ ਸ਼ੁਰੂ ਹੁੰਦੀ ਹੈ ਜੋ ਸਾਡੇ ਅੰਦਰ ਵਧੀਕ ਹੁੰਦੇ ਹਨ, ਜੇ ਮਾੜੇ ਸੰਸਕਾਰਾਂ ਦਾ ਜ਼ੋਰ ਹੈ ਤਾਂ ਇਹ 'ਵਹਿਣ' ਭੀ ਉਹਨਾਂ ਦਾ ਹੀ ਹੋਵੇਗਾ।

ਰਾਤ ਨੂੰ ਸੌਣ ਵੇਲੇ ਲੇਟ ਜਾਓ, ਸਰੀਰ ਨੂੰ ਢਿੱਲਾ ਕਰ ਦਿਉ, ਅੱਖਾਂ ਮੀਟ ਲਵੋ, ਜਾਗੋ-ਮੀਟੀ ਹਾਲਤ ਬਣ ਜਾਏਗੀ, ਜਿਵੇਂ ਦਿਨੇ 'ਵਹਿਣ' ਵਿਚ ਪਿਆਂ ਬਣਦੀ ਹੈ। ਤਦੋਂ ਵੇਲਾ ਹੈ 'ਸ੍ਵੈ-ਪ੍ਰੇਰਨਾ' ਦਾ। ਜਿਉਂ ਜਿਉਂ ਰੋਜ਼ ਰਾਤ ਨੂੰ ਇਹ ਅਭਿਆਸ ਕਰਦੇ ਹਾਂ, ਆਦਤ ਬਣਦੀ ਜਾਂਦੀ ਹੈ, ਵੇਲੇ ਸਿਰ ਤਾਂਘ ਉੱਠਦੀ ਹੈ ਤੇ ਏਸ ਵਿਚ ਤੇਜ਼ੀ ਭੀ ਦਿਨੋ ਦਿਨ ਵਧਦੀ ਜਾਂਦੀ ਹੈ। ਏਸ ਤਰ੍ਹਾਂ ਰੋਜ਼ ਦੇ ਅਭਿਆਸ ਨਾਲ 'ਅਚੇਤ ਮਨ' ਨੂੰ ਇਕ ਨਵੇਂ ਨਰੋਏ ਖ਼ਿਆਲ ਦੀ ਪ੍ਰੇਰਨਾ ਕਬੂਲ ਕਰਨ ਵਾਸਤੇ ਅਸੀਂ ਤਿਆਰ ਕਰ ਲੈਂਦੇ ਹਾਂ, ਭਾਵੇਂ ਪਹਿਲਾਂ ਇਸ ਦੇ ਅੰਦਰ ਗੰਦੇ ਮੰਦੇ ਸੰਸਕਾਰ ਭਰੇ ਪਏ ਸਨ।

ਏਥੇ ਇਕ ਗੱਲ ਚੇਤੇ ਰੱਖਣ ਵਾਲੀ ਹੈ। ਇਹ ਤਬਦੀਲੀ ਪੈਦਾ ਕਰਨ ਦਾ 'ਵਸੀਲਾ' ਹੈ 'ਖ਼ਿਆਲ'। ਅਸਾਨੂੰ 'ਖ਼ਿਆਲ' ਅਤੇ 'ਇਰਾਦੇ' ਵਿਚ ਫ਼ਰਕ ਚੇਤੇ ਰੱਖਣਾ ਚਾਹੀਦਾ ਹੈ। ਜਿਤਨਾ ਚਿਰ ਤਾਂ 'ਖ਼ਿਆਲ' ਕੰਮ ਕਰਦਾ ਹੈ, ਤਦ ਤਕ ਸਫਲਤਾ ਹੁੰਦੀ ਹੈ; ਪਰ ਜਦੋਂ 'ਇਰਾਦਾ' ਆ ਦਖ਼ਲ ਦੇਂਦਾ ਹੈ, ਤਦੋਂ ਅਸੀਂ ਫ਼ੇਲ੍ਹ ਹੋ ਜਾਂਦੇ ਹਾਂ।

ਆਓ ਸਮਝੀਏ! ਇਕ ਬੀਮਾਰ ਆਦਮੀ ਰੋਗ ਦੂਰ ਕਰਨ ਵਾਸਤੇ ਪੱਕੇ ਇਰਾਦੇ ਨਾਲ ਬੈਠ ਜਾਂਦਾ ਹੈ ਕਿ ਮੈਂ ਅਰੋਗਤਾ ਦੇ ਖ਼ਿਆਲ ਨੂੰ ਅੰਦਰ ਬਿਠਾਵਾਂ। ਉਹ ਅਰੋਗਤਾ ਦਾ ਇਕ ਖ਼ਿਆਲ ਸੋਚਦਾ ਹੈ ਤੇ ਆਪਣੇ ਇਰਾਦੇ ਦੀ ਸਹਾਇਤਾ ਨਾਲ 'ਅਚੇਤ ਮਨ' ਉਤੇ ਅਸਰ ਪਾਣ ਦਾ 'ਜਤਨ' ਕਰਦਾ ਹੈ। ਇਹ 'ਜਤਨ' ਉਸ ਨੂੰ ਰੋਗ ਦੀ ਹੋਂਦ ਵੱਲੋਂ ਸੁਚੇਤ ਕਰ ਦੇਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਮੂੰਹੋਂ ਭਾਵੇਂ 'ਅਰੋਗਤਾ' ਦੇ ਲਫ਼ਜ਼ ਬੋਲਦਾ ਹੈ, ਪਰ 'ਖ਼ਆਲ' ਉਸ ਰੋਗ ਉਤੇ ਹੀ ਟਿਕੇ ਹੋਏ ਹਨ। ਸੋ ਰੋਗ ਘਟਣ ਦੇ ਥਾਂ ਵਧਦਾ ਜਾਂਦਾ ਹੈ। ਸਾਹਿਬ ਫੁਰਮਾਉਂਦੇ ਹਨ : "ਮਨਿ ਹਨਿ, ਤਰਫ ਨ ਜਿਪਈ", ਭਾਵ ਮਨ ਦੇ ਹਠ ਨਾਲ ਉੱਚ ਅਵਸਥਾ ਵਾਲਾ ਪਾਸਾ ਜਿੱਤਿਆ ਨਹੀਂ ਜਾ ਸਕਦਾ।

ਕਈ ਵਾਰ ਐਸਾ ਹੁੰਦਾ ਹੈ ਕਿ ਅਸਾਡੇ ਸਿਰ ਉਤੇ ਕੋਈ ਕਰੜੀ ਜ਼ਿੰਮੇਵਾਰੀ ਦਾ ਕੰਮ ਆ ਪੈਂਦਾ ਹੈ ਤੇ ਕਿਸੇ ਸਬੱਬ ਨਾਲ ਹੀ ਅਸਾਡੇ ਮਨ ਵਿਚ ਇਹ ਖ਼ਿਆਲ ਭੀ ਉੱਠ ਪੈਂਦਾ ਹੈ, ਮਤਾਂ ਕੰਮ ਵਿਗੜ ਨਾ ਜਾਏ। ਘਬਰਾਹਟ ਦਾ ਇਹ 'ਖ਼ਿਆਲ' ਅਸਾਡੇ

ਹੌਸਲੇ ਨੂੰ ਅੰਦਰੋ ਅੰਦਰ ਖਾਈ ਜਾਂਦਾ ਹੈ ਅਸਾਡੇ ਮਨ ਨੂੰ ਫ਼ੇਲ੍ਹ ਹੋਣ ਵਾਸਤੇ ਤਿਆਰ ਕਰ ਜਾਂਦਾ ਹੈ। ਨੌਜੁਆਨ ਵਿਦਿਆਰਥੀਆਂ ਦੀ ਇਹ ਆਮ ਹੱਡ ਬੀਤੀ ਹੈ। ਜਦੋਂ ਉਹ ਇਮਤਿਹਾਨ ਦੇ ਕਮਰੇ ਵਿਚ ਜਾ ਬੈਠਦੇ ਹਨ, ਪਰਚਾ ਪੜ੍ਹ ਕੇ ਇਉਂ ਜ ਪਦਾ ਹੈ ਕਿ ਸਭ ਕੁਝ ਭੁੱਲ ਚੁੱਕਾ ਹੈ। ਜਿਉਂ ਜਿਉਂ ਸੋਚਦੇ ਹਨ, ਤਿਉਂ ਤਿਉਂ ਦਿਮਾਗ ਕੋਰਾ ਹੀ ਜਾਪਦਾ ਹੈ ; ਦੰਦ ਪੀਂਹਦੇ ਹਨ, ਮੱਥੇ ਤੇ ਮੁੜ ਮੁੜ ਹੱਥ ਫੇਰਦੇ ਹਨ, ਪਰ ਇਕ ਗੱਲ ਭੀ ਨਹੀਂ ਅਹੁੜਦੀ। ਜਦੋਂ ਉਹ ਇਮਤਿਹਾਨ ਦੇ ਕਮਰੇ ਵਿਚੋਂ ਬਾਹਰ ਆਉਂਦੇ ਹਨ, ਉਹ ਦਿਮਾਗੀ ਖਿਚ-ਤਾਣ ਮੁਕਦੀ ਹੈ ਤਾਂ ਉਹ ਖ਼ਿਆਲ, ਜਿਨ੍ਹਾਂ ਦੀ ਖ਼ਾਤਰ ਇਤਨੇ ਜਤਨ ਕਰ ਰਹੇ ਸਨ; ਆਪਣੇ ਆਪ ਮਨ ਵਿਚ ਉਠਣੇ ਸ਼ੁਰੂ ਹੋ ਜਾਂਦੇ ਹਨ। ਇਹ ਖ਼ਿਆਲ ਕਿਉਂ ਭੁੱਲ ਗਏ ਸਨ ? ਇਸ ਵਾਸਤੇ ਕਿ ਇਮਤਿਹਾਨ ਤੋਂ ਕੁਝ ਚਿਰ ਪਹਿਲਾਂ ਫ਼ੇਲ੍ਹ ਹੋਣ ਦਾ ਡਰ ਮਨ ਵਿਚ ਬੈਠ ਚੁੱਕਾ ਸੀ। ਇਮਤਿਹਾਨ ਦੇ ਕਮਰੇ ਵਿਚ ਬੈਠਿਆਂ ਸੁਚੇਤ ਮਨ ਦੀ ਦੌੜ ਏਸ ਡਰ ਨੂੰ ਸਗੋਂ ਵਧਾਈ ਜਾਂਦੀ ਹੈ।

ਸ਼ਰਾਬੀ, ਅਫੀਮੀ ਜਾਂ ਕਿਸੇ ਹੋਰ ਵਿਕਾਰ ਦੇ ਢਹੇ ਚੜ੍ਹੇ ਹੋਏ ਮਨੁੱਖ ਨਾਲ ਭੀ ਏਸੇ ਤਰ੍ਹਾਂ ਵਾਪਰਦੀ ਹੈ। ਉਸ ਦੇ ਮਨ ਵਿਚ ਨਸ਼ੇ ਦੇ ਚਸਕੇ ਦਾ ਖ਼ਿਆਲ ਪਹਿਲਾਂ ਹੀ ਘਰ ਬਣਾਈ ਬੈਠਾ ਹੈ। ਚਸਕੇ ਤੋਂ ਬਚਣ ਵਾਸਤੇ ਉਹ ਜਿਉਂ ਜਿਉਂ ਜ਼ੋਰ ਲਾਂਦਾ ਹੈ, ਤਿਉਂ ਤਿਉਂ ਉਹ ਚਸਕਾ ਸਗੋਂ ਉਸ ਉਤੇ ਸੁਆਰ ਹੁੰਦਾ ਜਾਂਦਾ ਹੈ। ਚਸਕੇ ਦੇ ਟਾਕਰੇ ਤੇ ਮੁੜ ਮੁੜ ਹਾਰਨ ਕਰਕੇ ਉਸ ਨੂੰ ਯਕੀਨ ਬਣ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਤੋਂ ਉੱਕਾ ਅਸਮਰਥ ਹੈ, ਅਸਮਰਥਤਾ ਦਾ ਇਹ 'ਖ਼ਿਆਲ' ਸ੍ਵੈ-ਪ੍ਰੇਰਨਾ ਬਣ ਕੇ ਚਸਕੇ ਦੇ ਟਾਕਰੇ ਤੇ ਉਸ ਦੀ ਕਮਜ਼ੋਰੀ ਨੂੰ ਵਧਾਈ ਜਾਂਦਾ ਹੈ। ਆਖ਼ਰ ਉਹ ਨਾ-ਉਮੈਦੀ ਵਿਚ, ਜ਼ਿੰਦਗੀ ਦੀ ਵਾਗ-ਡੋਰ ਉਸ ਚਸਕੇ ਦੇ ਹਵਾਲੇ ਕਰ ਦੇਂਦਾ ਹੈ ਤੇ ਬੇੜੀ ਡੋਬ ਲੈਂਦਾ ਹੈ।

ਸੋ, ਜਦੋਂ ਅਸਾਡੇ 'ਖ਼ਿਆਲ' ਤੇ 'ਇਛਾ' ਦਾ ਝਗੜਾ ਹੋ ਪਏ,' ਖ਼ਿਆਲ' ਸਦਾ ਬਾਜ਼ੀ ਜਿੱਤ ਜਾਂਦਾ ਹੈ। 'ਇਛਾ' ਦੀ ਪੂਰਤੀ ਖ਼ਾਤਰ ਜਿਉ ਜਿਉਂ ਜ਼ੋਰ ਲਾਂਦੇ ਹਾਂ, ਤਿਉਂ ਤਿਉਂ ਉਸ ਦੇ ਟਾਕਰੇ ਤੇ 'ਖ਼ਿਆਲ' ਪੱਕਾ ਹੁੰਦਾ ਜਾਂਦਾ ਹੈ। ਚਸਕੇ ਜਾਂ ਵਿਕਾਰ ਦੇ ਟਾਕਰੇ ਤੇ 'ਜ਼ੋਰ' ਲਾਣਾ ਛੱਡ ਦਿਓ ਤੇ ਸੁਰਤ ਨੂੰ ਉਸ ਪਾਸੇ ਵੱਲੋਂ ਸਤਿਗੁਰੂ ਦੀ ਬਾਣੀ ਵੱਲ ਪਰਤਾਓ। ਇਹੀ ਗੱਲ ਗੁਰੂ ਨਾਨਕ ਦੇਵ ਜੀ ਨੇ ਇਉਂ ਸਮਝਾਈ ਹੈ :—

ਝੜ ਝਖੜ ਓਹਾੜ, ਲਹਰੀ ਵਹਨਿ ਲਖੇਸਰੀ ॥
ਸਤਿਗੁਰ ਸਿਉ ਆਲਾਇ, ਬੇੜੇ ਡੁਬਨਿ ਨਾਹਿ ਭਉ ॥ ੪ ॥

(ਸਲੋਕ ਵਾਰਾਂ ਤੇ ਵਧੀਕ)

— 0 —